# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)

ਸਿੰਡੀਕੇਟ : 428
2020 (1)

ਯੂਨੀਵਰਸਿਟੀ ਦੀ ਸਿੰਡੀਕੇਟ ਦੀ ਇਕੱਤਰਤਾ ਜੋ ਕਰੋਨਾ ਵਾਇਰਸ ਦੇ ਸੰਭਾਵਿਤ ਖਤਰੇ ਤੋਂ ਬਚਣ ਲਈ ਮਿਤੀ 22.03.2020 ਤੋਂ ਲਾਕ-ਡਾਊਨ ਅਤੇ ਪੰਜਾਬ ਵਿਚ ਮਿਤੀ 23.03.2020 ਤੋਂ ਕਰਫਿਊ ਲੱਗਣ ਕਾਰਨ ਸਰਕੂਲੇਸ਼ਨ (ਈ-ਮੇਲ) ਵਿਧੀ ਰਾਹੀਂ ਹੋਈ ਅਤੇ ਜਿਸ ਵਿਚ ਮੈਂਬਰ ਸਾਹਿਬਾਨ ਤੋਂ ਏਜੰਡੇ ਸਬੰਧੀ ਮਿਤੀ 30 ਮਾਰਚ, 2020 ਤੱਕ ਈ-ਮੇਲ ਰਾਹੀਂ ਪ੍ਰਵਾਨਗੀ/ਟਿੱਪਣੀ ਮੰਗੀ ਗਈ ਸੀ, ਦੀ ਕਾਰਵਾਈ :

## ਸ਼ਾਮਲ ਮੈਂਬਰ

1. ਡਾ. ਬੀ.ਐਸ. ਘੁੰਮਣ (ਵਾਈਸ-ਚਾਂਸਲਰ / ਸਭਾਪਤੀ)
2. ਸ਼੍ਰੀ ਰਾਹੁਲ ਭੰਡਾਰੀ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ
3. ਡਾ. ਇੰਦੂ ਮਲਹੋਤਰਾ ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ)
4. ਡਾ. ਗੁਰਦੀਪ ਸਿੰਘ ਬੱਤਰਾ, ਡੀਨ, ਅਕਾਦਮਿਕ ਮਾਮਲੇ
5. ਸ਼੍ਰੀਮਤੀ ਕਰਮਜੀਤ ਕੌਰ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ
6. ਡਾ.ਅਨੀਤਾ ਗਿੱਲ, ਡੀਨ ਫੈਕਲਟੀ ਆਫ ਸੋਸ਼ਲ ਸਾਇੰਸਿਜ਼
7. ਡਾ. ਵਰਿੰਦਰ ਕੌਸ਼ਿਕ, ਡੀਨ ਫੈਕਲਟੀ ਆਫ ਲਾਅ
8. ਡਾ. ਰਾਜੇਸ਼ ਕੁਮਾਰ ਗੋਇਲ, ਡੀਨ ਫੈਕਲਟੀ ਆਫ ਮੈਡੀਸਨ
9. ਡਾ. ਸੁਖਵਿੰਦਰ ਕੌਰ ਬਾਠ, ਮੁਖੀ ਹਿੰਦੀ ਵਿਭਾਗ
10. ਡਾ. ਯੋਗਰਾਜ, ਮੁਖੀ ਪੰਜਾਬੀ ਭਾਸ਼ਾ ਵਿਕਾਸ ਵਿਭਾਗ
11. ਡਾ. ਅਵਤਾਰ ਚੰਦਰ, ਪ੍ਰਿੰਸੀਪਲ, ਐਸ.ਜੀ.ਟੀ.ਬੀ. ਕਾਲਜ ਫਾਰ ਵਿਮੈਨ, ਹਰੀਗੜ੍ਹ ਤਹਿਸੀਲ ਨਾਭਾ, ਜਿਲ੍ਹਾ ਪਟਿਆਲਾ
12. ਡਾ. ਸੰਤ ਸੁਰਿਦਰਪਾਲ ਸਿੰਘ, ਪ੍ਰਿੰਸੀਪਲ, ਸਰਕਾਰੀ ਕਾਲਜ ਰੂਪਨਗਰ
13. ਡਾ. ਕੁਲਦੀਪ ਸਿੰਘ, ਪ੍ਰਿੰਸੀਪਲ ਗੁਰੂ ਨਾਨਕ ਕਾਲਜ ਬੁਢਲਾਡਾ, ਮਾਨਸਾ

---

ਡਾ. ਮਨਜੀਤ ਸਿੰਘ ਨਿੱਜਰ, (ਸਕੱਤਰ)
ਰਜਿਸਟਰਾਰ

ਚਲਦਾ........

ਇਕੱਤਰਤਾ ਦੀ ਕਾਰਵਾਈ :

ਸਿੰਡੀਕੇਟ ਦੇ ਸਭਾਪਤੀ ਅਤੇ ਮੌਜੂਦਾ ਸਾਰੇ ਮੈਂਬਰ ਸਾਹਿਬਾਨ ਨੇ ਏਜੰਡੇ ਦੀਆਂ ਹੇਠ ਲਿਖੀਆਂ ਦੋਵੇਂ ਮੱਦਾਂ, (ਵਿੱਤ ਕਮੇਟੀ 22.01.2020 ਅਤੇ 23.03.2020 ਦੀਆਂ ਇਕੱਤਰਤਾਵਾਂ ਵਿਚ ਕੀਤੀਆਂ ਸਿਫਾਰਸ਼ਾਂ) ਨੂੰ ਈ-ਮੇਲ ਰਾਹੀਂ ਆਪਣੀ ਸਹਿਮਤੀ ਦਿੱਤੀ ਹੈ :-

**1.** ਪਾਸ ਹੋਇਆ ਕਿ ਵਿੱਤ ਕਮੇਟੀ ਵਲੋਂ ਆਪਣੀ ਇਕੱਤਰਤਾ ਮਿਤੀ 22-01-2020 ਵਿਚ ਕੀਤੀਆਂ ਹੇਠ ਲਿਖੀਆਂ ਸਿਫਾਰਸ਼ਾਂ (ਅੰਤਿਕਾ-1) ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ : -

1. ਪੰਜਾਬੀ ਯੂਨੀਵਰਸਿਟੀ ਟੀ.ਪੀ.ਡੀ. ਮਾਲਵਾ ਕਾਲਜ, ਰਾਮਪੁਰਾ ਫੂਲ ਦੇ ਵਿੱਤੀ ਸਾਲ 2019-20 ਦੇ ਬਜਟ ਵਿਚ ਨਵੀਂ ਮੱਦ "ਗੈਸਟ ਫੈਕਲਟੀ" ਕਾਇਮ ਕਰਦੇ ਹੋਏ ਇਸ ਤਹਿਤ 2,00,000/- ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕੀਤੀ ਜਾਵੇ।

ਪੈਰਾ-(I)

2. ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕਾਲਜ ਦਮਦਮਾ ਸਾਹਿਬ ਦੀ ਬਜਟ ਮੱਦ "ਗੈਸਟ ਫੈਕਲਟੀ" ਤਹਿਤ ਵਿੱਤੀ ਸਾਲ (2019-20) ਵਿਚ 06 ਲੱਖ ਰੁਪਏ ਦੀ ਰਾਸ਼ੀ ਤੋਂ ਇਲਾਵਾ 19,92,000/- ਰੁਪਏ ਦੀ ਐਨ.ਆਰ. ਬਜਟ ਵਿਵਸਥਾ ਕੀਤੀ ਜਾਵੇ।

ਪੈਰਾ-(II)

3. ਲੋਕ ਪ੍ਰਸ਼ਾਸਨ ਵਿਭਾਗ ਦੇ ਬਜਟ ਵਿਚ ਵਿੱਤੀ ਸਾਲ 2020-21 ਦੌਰਾਨ ਨਵੀਂ ਮੱਦ "ਗੈਸਟ ਫੈਕਲਟੀ" ਕਾਇਮ ਕਰਦੇ ਹੋਏ ਇਸ ਤਹਿਤ 2,50,000/- ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕੀਤੀ ਜਾਵੇ।

ਪੈਰਾ-(III)

4. ਰਾਜਨੀਤੀ ਵਿਗਿਆਨ ਵਿਭਾਗ ਦੇ ਬਜਟ ਵਿਚ ਵਿੱਤੀ ਸਾਲ 2020-21 ਦੌਰਾਨ ਨਵੀਂ ਮੱਦ "ਗੈਸਟ ਫੈਕਲਟੀ" ਕਾਇਮ ਕਰਦੇ ਹੋਏ ਇਸ ਤਹਿਤ 3,75,000/- ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕਰਨ ਦੀ ਸਿੰਡੀਕੇਟ ਨੂੰ ਸਿਫਾਰਸ਼ ਕੀਤੀ ਗਈ।

ਪੈਰਾ-(IV)

5. ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ, ਜੈਤੋਂ ਦੀ ਬਜਟ ਮੱਦ "ਪਾਰਟ-ਟਾਈਮ/ਗੈਸਟ ਲੈਕਚਰਜ਼" ਨੂੰ ਵਿੱਤੀ ਸਾਲ 2020-21 ਤੋਂ ਪਹਿਲਾਂ ਕੀਤੀ 1,50,000/- ਰੁਪਏ ਦੀ ਬਜਟ ਵਿਵਸਥਾ ਨੂੰ ਵਧਾ ਕੇ 05 ਲੱਖ ਰੁਪਏ ਕੀਤਾ ਜਾਵੇ।

ਪੈਰਾ-(V)

6. ਪੰਜਾਬੀ ਯੂਨੀਵਰਸਿਟੀ ਕੈਂਪਸ, ਮੌੜ ਦੀ ਬਜਟ ਮੱਦ "ਵਿਜ਼ਟਿੰਗ ਫੈਕਲਟੀ" ਤਹਿਤ ਵਿੱਤੀ ਸਾਲ 2019-20 ਲਈ ਪਹਿਲਾਂ ਕੀਤੀ 02 ਲੱਖ ਰੁਪਏ ਦੀ ਬਜਟ ਵਿਵਸਥਾ ਨੂੰ ਵਧਾ ਕੇ 06 ਲੱਖ ਰੁਪਏ ਕੀਤਾ ਜਾਵੇ।

ਪੈਰਾ-(VI)

7. ਪੰਜਾਬੀ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਿਜ਼, ਨੇਬਰਹੁੱਡ ਕੈਂਪਸ, ਰੀਜ਼ਨਲ ਸੈਂਟਰ ਅਤੇ ਯੂਨੀਵਰਸਿਟੀ ਕੈਂਪਸ ਦੇ ਵਿਭਾਗਾਂ ਵਿਚ ਕੰਮ ਕਰ ਰਹੇ ਬਤੌਰ ਗੈਸਟ ਫੈਕਲਟੀ (ਲੈਕਚਰ ਬੇਸਿਸ) ਦੀਆਂ ਮੰਗਾਂ ਕਿ ਉਨ੍ਹਾਂ ਨੂੰ ਵੀ ਕੰਟਰੈਕਟ ਅਸਿਸਟੈਂਟ ਪ੍ਰੋਫੈਸਰਾਂ ਦੀ ਤਰ੍ਹਾਂ ਬਰਾਬਰ ਤਨਖਾਹ (44,000/- ਰੁਪਏ) ਦੇਣ, ਤਜ਼ਰਬਾ ਸਰਟੀਫਿਕੇਟ (Experience Certificate) ਪੂਰੇ ਸਾਲ ਦਾ ਦੇਣ ਅਤੇ ਰੈਗੂਲਰ/ਕੰਟਰੈਕਟ ਅਧਿਆਪਕਾਂ ਵਾਂਗ ਹੀ ਕਾਲਜ ਪ੍ਰਿੰਸੀਪਲ ਵਲੋਂ ਭੇਜੀ ਐਬਸੈਂਟੀ ਦੇ ਆਧਾਰ ਤੇ

ਚਲਦਾ.....

**ਮਹੀਨਾਵਾਰ ਤਨਖਾਹ ਸਿੱਧੀ ਬੈਂਕ ਖਾਤਿਆਂ ਵਿਚ ਪਾਉਣ ਦੇ ਮਾਮਲੇ ਤੇ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 27-09-2019 ਵਿਚ ਕੀਤੀਆਂ ਹੇਠ ਲਿਖੀਆਂ ਸਿਫਾਰਸ਼ਾਂ ਨੂੰ ਪ੍ਰਵਾਨ ਕੀਤਾ ਜਾਵੇ (ਅੰਤਿਕਾ-1) :-**

1. ਕਮੇਟੀ ਵਲੋਂ 04-07-2019 ਦੀ ਮੀਟਿੰਗ ਵਿਚ ਕੀਤੀਆਂ ਸਿਫਾਰਸ਼ਾਂ ਜੋ ਵਾਈਸ-ਚਾਂਸਲਰ ਸਾਹਿਬ ਵਲੋਂ ਪ੍ਰਵਾਨਤ ਹਨ, ਉਹੀ ਕਾਇਮ ਰਹਿਣਗੀਆਂ।
2. ਗੈਸਟ ਫੈਕਲਟੀ ਲਈ ਅਦਾਇਗੀ 45 ਮਿੰਟ ਪੀਰੀਅਡ ਦੇ 350/- ਰੁਪਏ ਤੋਂ ਵਧਾ ਕੇ 525/- ਰੁਪਏ ਅਤੇ ਇਕ ਘੰਟੇ ਦੇ ਪੀਰੀਅਡ ਦੇ 500/- ਰੁਪਏ ਤੋਂ ਵਧਾ ਕੇ 750/- ਰੁਪਏ ਪ੍ਰਤੀ ਲੈਕਚਰ (ਇਕ ਮਹੀਨੇ ਲਈ ਵੱਧ ਤੋਂ ਵੱਧ 30,000/- ਰੁਪਏ) ਕਰਨ ਦੀ ਸਿਫਾਰਸ਼ ਕਰਦੀ ਹੈ।
3. ਗੈਸਟ ਫੈਕਲਟੀ ਦੀ ਹਰ ਮਹੀਨੇ ਐਬਸੈਂਟੀ ਪ੍ਰਿੰਸੀਪਲ/ਮੁਖੀ/ਇੰਚਾਰਜ ਵਲੋਂ ਲੇਖਾ ਸ਼ਾਖਾ (ਸੈਲਰੀ ਸੈਕਸ਼ਨ) ਨੂੰ ਭੇਜੀ ਜਾਵੇਗੀ ਤਾਂ ਜੋ ਅਦਾਇਗੀ ਸਬੰਧੀ ਕਾਰਵਾਈ ਹਰ ਮਹੀਨੇ ਕੀਤੀ ਜਾ ਸਕੇ।

ਪੈਰਾ-(VII)

**<u>8.</u> ਸਟੈਟਿਸਟਿਕਸ ਵਿਭਾਗ ਦੀ ਬਜਟ ਮੱਦ "ਬੀ.ਐਸ.ਸੀ. (ਕੰਪਿਊਟਰ ਸਾਇੰਸ, ਸਟੈਟਿਸਟਿਕਸ ਅਤੇ ਮੈਥੇਮੈਟਿਕਸ) ਦੇ ਕੋਰਸ ਨੂੰ ਪੜ੍ਹਾਉਣ ਲਈ ਬਾਹਰਲੇ ਅਧਿਆਪਕਾਂ ਦੇ ਸੇਵਾਫਲ ਦੀ ਅਦਾਇਗੀ ਕਰਨ ਲਈ" ਤਹਿਤ 06 ਲੱਖ ਰੁਪਏ ਦੀ ਬਜਟ ਵਿਵਸਥਾ ਨੂੰ ਵਧਾ ਕੇ ਵਿੱਤੀ ਸਾਲ 2020-21 ਤੋਂ 10 ਲੱਖ ਰੁਪਏ ਕੀਤਾ ਜਾਵੇ।**

ਪੈਰਾ-(VIII)

**<u>9.</u> <u>*ਕ੍ਰਮਾਂਕ-4 ਅਤੇ ਕ੍ਰਮਾਂਕ-22 ਨੂੰ ਛੱਡ ਕੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਨ੍ਹਾਂ ਰਾਹੀਂ ਉਨ੍ਹਾਂ ਨੇ ਹੇਠ ਦਰਸਾਏ ਕੇਸਾਂ (ਕ੍ਰਮਾਂਕ 1-34) ਵਿਚ ਵਿੱਤ ਕਮੇਟੀ/ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ਵਿਚ ਪ੍ਰਵਾਨਗੀ ਦਿੱਤੀ ਹੈ:-*</u>**

ਪੈਰਾ-(XII)

1. ਰਜਿਸਟਰਾਰ ਦਫ਼ਤਰ ਅਧੀਨ ਵਿੱਤੀ ਸਾਲ 2019-20 ਦੇ ਬਜਟ ਤਹਿਤ ਨਵੀਂ ਮੱਦ "ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਲਈ" ਕਾਇਮ ਕਰਨ ਅਤੇ ਇਸ ਤਹਿਤ 15 ਲੱਖ ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ। **(ਅੰਤਿਕਾ-4)**
2. ਸਕੂਲ ਆਫ਼ ਸੋਸ਼ਲ ਸਾਇੰਸਿਜ਼ ਦੀ ਬਜਟ ਮੱਦ "ਗੈਸਟ ਫੈਕਲਟੀ" ਤਹਿਤ ਵਿੱਤੀ ਸਾਲ 2019-20 ਲਈ ਬਜਟ ਵਿਵਸਥਾ 5,50,000/- ਰੁਪਏ ਤੋਂ ਵਧਾ ਕੇ 10,00,000/- ਰੁਪਏ ਕਰਨ ਦੀ ਪ੍ਰਵਾਨਗੀ ਦਿੱਤੀ ਹੈ।
3. ਵਿੱਤੀ ਸਾਲ 2019-20 ਦੇ ਬਜਟ ਵਿਚ ਡੀਨ (ਬਾਹਰਲੇ ਕੇਂਦਰ) ਦਾ ਬਜਟ ਰਿਫਲੈਕਟ ਕਰਦੇ ਹੋਏ ਇਸ ਅਧੀਨ ਨਵੀਂ ਮੱਦ "ਕੰਟੀਜੈਂਸੀ" ਤਹਿਤ 02 ਲੱਖ ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।
4. **<u>ਡੈਫਰ ਕੀਤੀ ਗਈ।</u>**
5. ਵਿੱਤੀ ਸਾਲ 2019-20 ਤੋਂ ਡੀਨ ਅਕਾਦਮਿਕ ਮਾਮਲੇ ਦਫ਼ਤਰ ਅਧੀਨ ਬਜਟ ਮੱਦ "ਡਿਸਕ੍ਰਿਸ਼ਨਰੀ ਫੰਡ" (ਬਜਟ ਪੰਨਾ 26/2) ਤਹਿਤ 45,000/- ਰੁਪਏ ਦੀ ਵਿਵਸਥਾ ਨੂੰ ਵਧਾ ਕੇ 72,000/- ਰੁਪਏ (ਰੈਕਰਿੰਗ) ਕਰਨ ਦੀ ਪ੍ਰਵਾਨਗੀ ਦਿੱਤੀ ਹੈ।
6. ਭਾਈ ਕਾਨ੍ਹ ਸਿੰਘ ਨਾਭਾ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਪ੍ਰਾਜੈਕਟ ਦੇ ਵਿੱਤੀ ਸਾਲ 2019-20 ਦੇ ਬਜਟ ਵਿਚ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਕੋਸ਼ਾਂ ਦੀ ਸੁਧਾਈ ਹਿੱਤ ਨਵੀਂ ਮੱਦ "ਭਾਈ ਕਾਨ੍ਹ ਸਿੰਘ ਨਾਭਾ ਰਚਿਤ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਅਨੁਵਾਦ ਦੀ ਸੁਧਾਈ ਕਾਰਜ ਹਿੱਤ" ਕਾਇਮ ਕਰਨ ਅਤੇ ਇਸ ਤਹਿਤ 7,65,250/- ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

ਚਲਦਾ ........

7. ਵਿੱਤੀ ਸਾਲ 2018-19 ਦੌਰਾਨ ਰਜਿਸਟਰਾਰ ਦਫ਼ਤਰ ਅਧੀਨ ਬਜਟ ਮੱਦ "ਕੰਟੀਜੈਂਸੀ, ਸਟੇਸ਼ਨਰੀ, ਪਾਣੀ ਦਾ ਟੈਕਸ, ਜ਼ਿਲਦਬੰਦੀ ਆਦਿ"(ਬਜਟ ਪੰਨਾ 24/3) ਤਹਿਤ 8,50,000/- ਰੁਪਏ ਦੀ ਐਨ.ਆਰ. ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

8. ਭਾਈ ਘਨਈਆ ਹੈਲਥ ਸੈਂਟਰ ਦੀ ਬਜਟ ਮੱਦ "ਡਾਕਟਰੀ ਖਰਚੇ ਦੀ ਪ੍ਰਤੀ-ਪੂਰਤੀ" (ਬਜਟ ਪੰਨਾ 126/3) ਤਹਿਤ ਵਿੱਤੀ ਸਾਲ 2019-20 ਲਈ ਮੌਜੂਦਾ ਵਿਵਸਥਾ (02 ਕਰੋੜ ਰੁਪਏ ਰੈਕਰਿੰਗ) ਤੋਂ ਇਲਾਵਾ 30 ਲੱਖ ਰੁਪਏ ਦੀ ਰਾਸ਼ੀ ਦੀ ਨਾਨ-ਰੈਕਰਿੰਗ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

9. ਵਿੱਤੀ ਸਾਲ 2019-20 ਦੌਰਾਨ ਐਨ.ਐਸ.ਐਸ. ਵਿਭਾਗ ਦੀ ਨਵੀਂ ਬਜਟ ਮੱਦ "ਐਨ.ਐਸ.ਐਸ. ਦੇ ਪ੍ਰਬੰਧਕੀ ਖਰਚੇ" ਕਾਇਮ ਕਰਨ ਅਤੇ ਇਸ ਤਹਿਤ 09 ਲੱਖ ਰੁਪਏ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

10. ਵਿੱਤੀ ਸਾਲ 2019-20 ਦੌਰਾਨ ਸੂਖਮ ਯੰਤਰ ਕੇਂਦਰ ਲਈ ਨਵੀਂ ਬਜਟ ਮੱਦ "ਵਰਕਸ਼ਾਪ ਨਾਲ ਸਬੰਧਿਤ ਖਰਚੇ" ਕਾਇਮ ਕਰਦੇ ਹੋਏ 40,000/- ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

11. ਐਨ.ਐਸ.ਐਸ. ਵਿਭਾਗ ਦੀ ਵਿੱਤੀ ਸਾਲ 2018-19 ਦੀ ਅਣਖਰਚੀ ਬਕਾਇਆ ਪਈ ਗ੍ਰਾਂਟ/ਰਾਸ਼ੀ 94,54,524/- ਰੁਪਏ ਵਿਚੋਂ ਵਿੱਤੀ ਸਾਲ 2019-20 ਦੌਰਾਨ ਬਜਟ ਮੱਦ "ਵਿਸ਼ੇਸ ਕੈਂਪਿੰਗ ਪ੍ਰੋਗਰਾਮ" ਅਤੇ ਮੱਦ "ਰੈਗੂਲਰ ਸਰਗਰਮੀਆਂ ਲਈ ਕਾਲਜਾਂ ਨੂੰ ਗਰਾਂਟ" ਤਹਿਤ ਕ੍ਰਮਵਾਰ 67,27,500/- ਰੁਪਏ ਅਤੇ 18,00,000/- ਰੁਪਏ ਦੀ ਐਨ.ਆਰ. ਵਿਵਸਥਾ ਅਤੇ ਨਾਲ ਹੀ 67,27,500/- ਰੁਪਏ "ਵਿਸ਼ੇਸ ਕੈਂਪਿੰਗ ਪ੍ਰੋਗਰਾਮ" ਵਿਚੋਂ ਵਿੱਤੀ ਸਾਲ 2018-19 ਦੌਰਾਨ ਕਾਲਜਾਂ ਵਲੋਂ ਸੱਤ ਰੋਜ਼ਾ ਕੈਂਪ ਲਗਾਉਣ ਤੇ ਹੋਏ ਖਰਚੇ ਦੇ ਵਰਤੋਂ ਸਰਟੀਫਿਕੇਟ ਦੇ ਆਧਾਰ ਤੇ ਵਿੱਤੀ ਸਾਲ 2019-20 ਵਿਚ ਰਾਸ਼ੀ/ਗਰਾਂਟ ਰੀਇੰਬਰਸ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

12. ਵਿੱਤੀ ਸਾਲ 2019-20 ਦੇ ਬਜਟ ਵਿਚ ਮੱਦ "ਪੋਸਟ ਗ੍ਰੈਜੂਏਟ ਵਜ਼ੀਫੇ" (ਬਜਟ ਪੰਨਾ 143/15) ਤਹਿਤ ਮੌਜੂਦਾ ਵਿਵਸਥਾ (2,50,000/- ਰੁਪਏ ਰੈਕਰਿੰਗ) ਤੋਂ ਇਲਾਵਾ 2,00,000/- ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

13. ਵਿੱਤੀ ਸਾਲ 2019-20 ਦੇ ਬਜਟ ਵਿਚ ਮੱਦ "ਪੋਸਟ ਗ੍ਰੈਜੂਏਟ ਵਜ਼ੀਫ਼ੇ (ਬਜਟ ਪੰਨਾ 143/15) ਤਹਿਤ ਮੌਜੂਦਾ ਵਿਵਸਥਾ (2,50,000/- ਰੁਪਏ ਰੈਕਰਿੰਗ ਅਤੇ 02 ਲੱਖ ਰੁਪਏ ਐਨ.ਆਰ.) ਤੋਂ ਇਲਾਵਾ 02 ਲੱਖ ਰੁਪਏ ਦੀ ਹੋਰ ਐਨ.ਆਰ. ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

14. ਵਿੱਤੀ ਸਾਲ 2019-20 ਲਈ ਬਜਟ ਮੱਦ "ਸੀ.ਪੀ.ਐਫ. ਸਕੀਮ ਅਧੀਨ ਰਿਟਾਇਰ ਹੋਏ ਕਰਮਚਾਰੀਆਂ ਨੂੰ ਬੱਝਵੇਂ ਮੈਡੀਕਲ ਭੱਤੇ ਦੀ ਅਦਾਇਗੀ" (ਬਜਟ ਪੰਨਾ 141/22) ਤਹਿਤ ਮੌਜੂਦਾ ਵਿਵਸਥਾ (17 ਲੱਖ ਰੁਪਏ ਰੈਕਰਿੰਗ) ਤੋਂ ਇਲਾਵਾ 1,50,000/- ਰੁਪਏ ਦੀ ਨਾਨ-ਰੈਕਰਿੰਗ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

15. ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ ਦੀ ਬਜਟ ਮੱਦ "ਸਟੂਡੈਂਟ ਐਕਟੀਵਿਟੀ ਫੰਡ" ਤਹਿਤ ਵਿੱਤੀ ਸਾਲ 2019-20 ਦੌਰਾਨ 1,77,000/- ਰੁਪਏ ਦੀ ਐਨ.ਆਰ. ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

16. ਗੁਰੂ ਕਾਸ਼ੀ ਕੈਂਪਸ, ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਸਾਂਝੇ ਖਰਚੇ ਦੀ ਬਜਟ ਮੱਦ "ਸਫਾਈ (ਕੰਟਰੈਕਟ ਆਧਾਰ ਤੇ)" ਤਹਿਤ ਵਿੱਤੀ ਸਾਲ 2019-20 ਦੌਰਾਨ ਮੌਜੂਦਾ ਵਿਵਸਥਾ (25 ਲੱਖ ਰੁਪਏ ਰੈਕਰਿੰਗ) ਤੋਂ ਇਲਾਵਾ 20 ਲੱਖ ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

17. ਪੋਸਟ ਗ੍ਰੈਜੂਏਟ ਸਟੱਡੀਜ਼ ਵਿਭਾਗ, ਰਿਜ਼ਨਲ ਸੈਂਟਰ, ਬਠਿੰਡਾ ਦੀ ਬਜਟ ਮੱਦ "ਠੇਕੇ ਤੇ ਸਟਾਫ਼ ਮੁਹੱਈਆ ਕਰਨ ਲਈ ਰਾਸ਼ੀ" ਤਹਿਤ ਵਿੱਤੀ ਸਾਲ 2019-20 ਦੌਰਾਨ ਮੌਜੂਦਾ ਵਿਵਸਥਾ (13 ਲੱਖ ਰੁਪਏ ਰੈਕਰਿੰਗ) ਤੋਂ ਇਲਾਵਾ 10 ਲੱਖ ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

18. ਪੋਸਟ ਗ੍ਰੈਜੂਏਟ ਸਟੱਡੀਜ਼ ਵਿਭਾਗ, ਰਿਜ਼ਨਲ ਸੈਂਟਰ, ਬਠਿੰਡਾ ਦੀ ਬਜਟ ਮੱਦ "ਬਿਜਲੀ, ਟੈਲੀਫੋਨ, ਸੀਵਰੇਜ਼, ਪਾਣੀ ਦੇ ਖਰਚੇ" ਤਹਿਤ ਵਿੱਤੀ ਸਾਲ 2019-20 ਦੌਰਾਨ ਮੌਜੂਦਾ ਵਿਵਸਥਾ (03 ਲੱਖ ਰੁਪਏ ਰੈਕਰਿੰਗ) ਤੋਂ ਇਲਾਵਾ 3,20,000/- ਰੁਪਏ ਦੀ ਐਨ.ਆਰ. ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

ਚਲਦਾ .......

19. ਕਾਲਜ ਆਫ਼ ਇੰਜੀਨੀਅਰਿੰਗ ਐਂਡ ਮੈਨੇਜਮੈਂਟ, ਰਾਮਪੁਰਾ ਫੂਲ ਦੀ ਬਜਟ ਮੱਦ "ਸਕਿਉਰਟੀ, ਹਾਰਟੀਕਲਚਰ/ਸਫ਼ਾਈ ਅਰੇਂਜਮੈਂਟਸ (ਕੰਟਰੈਕਟ ਤੇ) ਸਮੇਤ ਹੋਸਟਲਜ਼, ਗੈਸਟ ਹਾਊਸ ਅਤੇ ਨੇਬਰਹੁੱਡ ਕੈਂਪਸਿਜ਼" ਤਹਿਤ ਵਿੱਤੀ ਸਾਲ 2019-20 ਦੌਰਾਨ ਮੌਜੂਦਾ ਵਿਵਸਥਾ (60 ਲੱਖ ਰੁਪਏ ਰੈਕਰਿੰਗ) ਤੋਂ ਇਲਾਵਾ 10 ਲੱਖ ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

20. ਯੂਨੀਵਰਸਿਟੀ ਦੇ ਵੱਖ-ਵੱਖ ਨੇਬਰਹੁੱਡ ਕੈਂਪਸਿਜ਼/ਕਾਂਸਟੀਚੂਐਂਟ ਕਾਲਜਾਂ ਦੀ ਬਜਟ ਮੱਦ "ਠੇਕੇ ਤੇ ਰੱਖੇ ਸਕਿਉਰਟੀ ਗਾਰਡ, ਸਫ਼ਾਈ ਸੇਵਕ, ਮਾਲੀ ਅਤੇ ਸੇਵਾਦਾਰ ਆਦਿ ਦੀਆਂ ਤਨਖਾਹਾਂ ਸਬੰਧੀ ਠੇਕੇਦਾਰ ਨੂੰ ਅਦਾਇਗੀ" ਤਹਿਤ ਵਿੱਤੀ ਸਾਲ 2019-20 ਦੌਰਾਨ ਮੌਜੂਦਾ ਵਿਵਸਥਾ (1.50 ਕਰੋੜ ਰੈਕਰਿੰਗ) ਤੋਂ ਇਲਾਵਾ 60 ਲੱਖ ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

21. ਵਿੱਤੀ ਸਾਲ 2019-20 ਦੌਰਾਨ ਅੰਤਰ-ਸੰਚਾਰ ਪ੍ਰਣਾਲੀ ਦੀ ਬਜਟ ਮੱਦ "ਟੈਲੀਫੋਨ ਐਕਸਚੇਂਜ, ਟੈਲੀਫੋਨ ਕੇਬਲਿੰਗ, ਫੈਕਸ ਆਦਿ ਸਮਾਰਟ ਟਰੇਨਿੰਗ ਸਿਸਟਮ ਅਤੇ ਸਬੰਧਿਤ ਸਮਾਨ ਦੀ ਸਾਲਾਨਾ ਸਾਂਭ-ਸੰਭਾਲ ਅਤੇ ਕਿਰਾਏ ਦਾ ਖਰਚ ਆਦਿ" (EPABX) (ਬਜਟ ਪੰਨਾ 139/35/2) ਤਹਿਤ ਮੌਜੂਦਾ ਵਿਵਸਥਾ (20,44,000/- ਰੁਪਏ ਰੈਕਰਿੰਗ) ਵਿਚ 11,56,000/- ਰੁਪਏ ਦਾ ਵਾਧਾ ਕਰਦੇ ਹੋਏ ਕੁੱਲ 32 ਲੱਖ ਰੁਪਏ ਦੀ ਰੈਕਰਿੰਗ ਬਜਟ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

22. **ਵਾਪਸ ਲਈ ਗਈ (Withdrawn)।**

23. ਵਿੱਤੀ ਸਾਲ 2019-20 ਦੌਰਾਨ ਟਰਾਂਸਪੋਰਟ ਵਿਭਾਗ ਦੀ ਬਜਟ ਮੱਦ "ਸਟਾਫ਼ਕਾਰਾਂ ਦੇ ਫੁਟਕਲ ਖਰਚੇ" (ਬਜਟ ਪੰਨਾ 138/33/4) ਤਹਿਤ ਮੌਜੂਦਾ ਵਿਵਸਥਾ (17 ਲੱਖ ਰੁਪਏ ਰੈਕਰਿੰਗ) ਤੋਂ ਇਲਾਵਾ 04 ਲੱਖ ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

24. ਵਿੱਤੀ ਸਾਲ 2019-20 ਦੌਰਾਨ ਟਰਾਂਸਪੋਰਟ ਵਿਭਾਗ ਦੀ ਬਜਟ ਮੱਦ "ਬੱਸਾਂ/ਡੀਜ਼ਲ ਨਾਲ ਚੱਲਣ ਵਾਲੀਆਂ ਗੱਡੀਆਂ ਦੇ ਫੁਟਕਲ ਖਰਚੇ" (ਬਜਟ ਪੰਨਾ 138/33/3) ਤਹਿਤ ਮੌਜੂਦਾ ਵਿਵਸਥਾ (35 ਲੱਖ ਰੁਪਏ ਰੈਕਰਿੰਗ) ਤੋਂ ਇਲਾਵਾ 10 ਲੱਖ ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

25. ਚਾਲੂ ਵਿੱਤੀ ਸਾਲ 2019-20 ਦੌਰਾਨ ਮਿਲਖ ਦਫ਼ਤਰ ਦੀ ਬਜਟ ਮੱਦ "ਸੈਨੀਟੇਸ਼ਨ-1" ਤਹਿਤ ਮੌਜੂਦਾ ਵਿਵਸਥਾ (03 ਲੱਖ ਰੁਪਏ ਰੈਕਰਿੰਗ) ਤੋਂ ਇਲਾਵਾ 2,68,748/- ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

26. ਵਿੱਤੀ ਸਾਲ 2019-20 ਦੌਰਾਨ ਸਪੋਰਟਸ ਵਿਭਾਗ (ਡਾਇਰੈਕਟੋਰੇਟ ਆਫ਼ ਸਪੋਰਟਸ) ਦੀ ਬਜਟ ਮੱਦ "ਵਿਸ਼ੇਸ਼ ਖਿਡਾਰੀਆਂ ਅਤੇ ਮੈਡਲ ਜਿੱਤਣ ਵਾਲਿਆਂ ਨੂੰ ਨਕਦ ਇਨਾਮ ਦੀ ਅਦਾਇਗੀ" (ਬਜਟ ਪੰਨਾ-113/8) ਤਹਿਤ 1,10,46,200/- ਰੁਪਏ ਅਤੇ ਬਜਟ ਮੱਦ "ਇੰਟਰ-ਕਾਲਜ ਮੁਕਾਬਲਿਆਂ ਵਿਚ ਜੇਤੂ ਕਾਲਜਾਂ ਨੂੰ ਇੰਸੈਂਟਿਵ" (ਬਜਟ ਪੰਨਾ-113/10) ਤਹਿਤ 4,46,099/- ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

27. ਈ.ਪੀ.ਐਫ. ਲਾਗੂ ਕਰਵਾਉਣ ਦੇ ਮਾਮਲੇ ਤੇ ਗਠਿਤ ਕਮੇਟੀ ਦੀ ਡੀਨ ਅਕਾਦਮਿਕ ਮਾਮਲੇ ਦੇ ਦਫ਼ਤਰ ਵਿਖੇ ਮਿਤੀ 4-6-19 ਨੂੰ ਦੁਪਹਿਰ 12.00 ਵਜੇ ਹੋਈ ਇਕੱਤਰਤਾ ਦੀ ਕਾਰਵਾਈ ਨੂੰ ਪ੍ਰਵਾਨਗੀ ਦਿੱਤੀ ਹੈ।**(ਅੰਤਿਕਾ-5)**

28. ਯੂਨੀਵਰਸਿਟੀ ਵਲੋਂ ਰੱਖੇ ਗਏ ਕੱਚੇ ਮੁਲਾਜ਼ਮਾਂ (ਡੇਲੀਵੇਜਿਜ਼/ ਐਡਹਾਕ/ਕੰਟਰੈਕਟ/ਵਰਕਚਾਰਜ) ਜਿਨ੍ਹਾਂ ਦੀ ਤਨਖਾਹ 15,000/- ਰੁਪਏ ਪ੍ਰਤੀ ਮਹੀਨਾ ਤੋਂ ਘੱਟ (ਈ.ਪੀ.ਐਫ. ਲਈ) ਅਤੇ 21,000/- ਰੁਪਏ ਪ੍ਰਤੀ ਮਹੀਨਾ ਤੋਂ ਘੱਟ (ਈ.ਐਸ.ਆਈ. ਲਈ) ਹੈ, ਦੀ ਤਨਖਾਹ ਵਿਚੋਂ ਚਾਲੂ ਮਹੀਨੇ ਤੋਂ ਈ.ਪੀ.ਐਫ. (Employees Provident Fund)/ਈ.ਐਸ.ਆਈ. (Employees State Insurance) ਦੀ ਕਟੌਤੀ ਹੇਠ ਲਿਖੇ ਅਨੁਸਾਰ ਕਰਨ ਦੀ ਪ੍ਰਵਾਨਗੀ ਦਿੱਤੀ ਹੈ **(ਅੰਤਿਕਾ-6)**:-

| ਲੜੀ ਨੰ: | ਲਾਭ | ਇੰਪਲਾਈ ਸ਼ੇਅਰ | ਇੰਪਲਾਇਰ ਸ਼ੇਅਰ | ਕੁੱਲ ਸ਼ੇਅਰ |
|---|---|---|---|---|
| 1. | ਈ.ਐਸ.ਆਈ. (ਅਗਸਤ 2019 ਤੋਂ) | 0.75% | 3.25% | 4% |
| 2. | ਈ.ਐਸ.ਆਈ. (ਅਗਸਤ 2019 ਤੋਂ ਪਹਿਲਾਂ) | 1.75% | 4.75% | 6.50% |
| 3. | ਈ.ਪੀ.ਐਫ. | 12% | 13% | 25% |

29. CWP No. 13441/2018 filed by (ਸ੍ਰੀਮਤੀ ਸੁਖਜੀਤ ਕੌਰ ਅਤੇ ਸ੍ਰੀਮਤੀ ਅਨੀਤਾ ਸ਼ਰਮਾ) ਵਿਚ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ, ਚੰਡੀਗੜ੍ਹ ਦੇ ਮਿਤੀ 25.05.2018 ਦੇ order ਅਨੁਸਾਰ 6 ਮਹੀਨਿਆਂ ਦੇ ਅੰਦਰ ਸਪੀਕਿੰਗ ਆਰਡਰ ਜਾਰੀ ਕਰਨ ਅਤੇ ਅਗਲੇ ਦੋ ਮਹੀਨਿਆਂ ਵਿਚ ਬਣਦੇ ਲਾਭ ਦੇਣ ਸਬੰਧੀ ਮਾਮਲੇ ਤੇ ਵਿਚਾਰ ਕਰਨ ਹਿੱਤ ਗਠਿਤ ਕਮੇਟੀ ਦੀ ਮਿਤੀ 24.12.2018 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਵਿਚ ਕੀਤੀਆਂ ਸਿਫਾਰਸ਼ਾਂ ਨੂੰ ਪ੍ਰਵਾਨਗੀ ਦਿੱਤੀ ਹੈ। **(ਅੰਤਿਕਾ-7)**

30. ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ, ਕਾਂਸਟੀਚੂਐਂਟ ਕਾਲਜਿਜ਼, ਨੇਬਰਹੁੱਡ ਕੈਂਪਸ, ਰੀਜ਼ਨਲ ਸੈਂਟਰ ਵਿਖੇ ਕੰਟਰੈਕਟ ਅਧਾਰ ਤੇ ਰੱਖੇ ਅਸਿਸਟੈਂਟ ਪ੍ਰੋਫੈਸਰ/ਇੰਸਟ੍ਰਕਟਰਜ਼ ਜਿਨ੍ਹਾਂ ਦੀ ਬਜਟ ਵਿਚ ਉਪਲਬਧ ਕੰਟਰੈਕਟ ਅਸਾਮੀਆਂ ਵਿਰੁੱਧ ਤਨਖਾਹ ਦੀ ਅਦਾਇਗੀ ਕਰਵਾਈ ਜਾਂਦੀ ਹੈ, ਨੂੰ ਵਿੱਤੀ ਸਾਲ 2019-20 ਦੌਰਾਨ ਜਾਰੀ ਰੱਖਣ ਦੀ ਪ੍ਰਵਾਨਗੀ ਦਿੱਤੀ ਹੈ।**(ਅੰਤਿਕਾ-8)**

31. ਪੰਜਾਬ ਸਰਕਾਰ, ਵਿੱਤ ਵਿਭਾਗ ਵਲੋਂ ਪ੍ਰਾਪਤ ਪੱਤਰ ਨੰ: 6/17/2016-1ਵਿ.ਪ੍ਰ.2/1593569/1 ਮਿਤੀ 10.10.2019 ਜਿਸ ਰਾਹੀਂ ਜਨਰਲ ਕੈਟਾਗਰੀ ਦੇ ਸੀਨੀਅਰ ਕਰਮਚਾਰੀ ਦੀ ਰਿਜ਼ਰਵ ਕੈਟਾਗਰੀ ਦੇ ਜੂਨੀਅਰ ਕਰਮਚਾਰੀ ਦੇ ਬਰਾਬਰ ਤਨਖਾਹ ਸਟੈਪ-ਅਪ ਕਰਕੇ ਅਨਾਮਲੀ ਦੂਰ ਕਰਨ ਬਾਰੇ ਸਪਸ਼ਟੀਕਰਨ ਨੂੰ ਯੂਨੀਵਰਸਿਟੀ ਵਿਖੇ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਹੈ।**(ਅੰਤਿਕਾ-9)**

32. ਵਿੱਤੀ ਸਾਲ 2019-20 ਲਈ ਹੇਠ ਲਿਖੇ ਅਨੁਸਾਰ ਬਜਟ ਵਿਵਸਥਾ ਰਿਵਾਇਜਡ (ਐਨ.ਆਰ.) ਕਰਨ ਦੀ ਪ੍ਰਵਾਨਗੀ ਦਿੱਤੀ ਹੈ:-

| ਕ੍ਰਮਾਂਕ | ਕੰਮ ਦਾ ਨਾਂ | ਆਈਟਮ ਨੰ./ਬਜਟ ਪੰਨਾ | ਵਿੱਤੀ ਸਾਲ 2019-20 ਵਿਚ ਬਜਟ ਵਿਵਸਥਾ | ਬਕਾਇਆ ਬਜਟ ਵਿਵਸਥਾ 2019-20 | ਰਿਵਾਇਜ਼ਡ ਬਜਟ ਵਿਵਸਥਾ 2019-20 ਐਨ.ਆਰ. |
|---|---|---|---|---|---|
| 1. | ਕੈਂਪਸ ਦੇ ਰਿਹਾਇਸ਼ੀ ਮਕਾਨਾਂ ਦੀ ਸਾਂਭ-ਸੰਭਾਲ ਅਤੇ ਮੁਰੰਮਤ-ਤਨਖਾਹਾਂ ਲਈ | 132/4/ii | 34,08,000/- | 15,10,189/- | 4,50,000/- |
| 2. | ਕੈਂਪਸ ਦੇ ਸਾਰੇ ਹੋਸਟਲਾਂ ਦੀ ਸਾਂਭ-ਸੰਭਾਲ ਤੇ ਮੁਰੰਮਤ-ਤਨਖਾਹਾਂ ਲਈ | 132**/3/ii | 30,00,000/- | 1,24,681/- | 28,00,000/- |
| 3. | ਯੂਨੀਵਰਸਿਟੀ ਸਕੂਲ ਆਫ਼ ਬਿਜਨੈਸ ਸਟੱਡੀਜ਼, ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਦੀਆਂ ਬਿਲਡਿੰਗਾਂ ਦੀ ਦੇਖ-ਰੇਖ ਅਤੇ ਮੁਰੰਮਤ-ਤਨਖਾਹਾਂ ਲਈ | 133*/17/ii | 31,50,000/- | 13,45,318/- | 5,50,000/- |
| 4. | ਲਾਅਨ, ਨਰਸਰੀ ਅਤੇ ਲੈਂਡਸਕੇਪਿੰਗ ਦੇ ਵਿਕਾਸ ਅਤੇ ਦੇਖਭਾਲ ਲਈ-ਤਨਖਾਹਾਂ ਲਈ | 135/2/ii | 1,86,82,000/- | 77,63,695/- | 25,00,000/- |
| 5. | ਲਾਅਨ, ਨਰਸਰੀ ਅਤੇ ਲੈਂਡਸਕੇਪਿੰਗ ਦੇ ਵਿਕਾਸ ਅਤੇ ਦੇਖਭਾਲ ਲਈ ਤਲਵੰਡੀ ਸਾਬੋ-ਤਨਖਾਹਾਂ ਲਈ | 135/8/ii | 39,69,000/- | 13,61,551/- | 5,00,000/- |

33. ਵਿੱਤੀ ਸਾਲ 2019-2020 ਲਈ ਉਸਾਰੀ ਦੇ ਬਜਟ ਵਿਚ ਹੇਠ ਲਿਖੇ ਅਨੁਸਾਰ ਬਜਟ ਵਿਵਸਥਾ ਕਾਇਮ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ:-

| ਲੜੀ ਨੰ: | ਕੰਮ ਦਾ ਨਾਂ | ਬਜਟ ਨੰ/ਪੰਨਾ | ਐਸਟੀਮੇਟਿਡ ਕਾਸਟ | ਵਿੱਤੀ ਸਾਲ 2018-19 ਤੱਕ ਹੋਇਆ ਕੁੱਲ ਖਰਚਾ | ਵਿੱਤੀ ਸਾਲ 2019-20 ਵਿਚ ਬਜਟ ਵਿਵਸਥਾ | ਵਿੱਤੀ ਸਾਲ 2019-20 ਵਿਚ ਲੋੜੀਂਦੀ ਬਜਟ ਵਿਵਸਥਾ |
|---|---|---|---|---|---|---|
| 1. | Laying Synthetic Athletic Track at Punjabi University, Patiala | 30/331 | 5,59,63,322/-<br>5,78,83,250/- (Revised) | 5,62,90,520/- | ਨਿੱਲ | 15,92,730/- |

ਚਲਦਾ ........

34. ਵਿੱਤੀ ਸਾਲ 2019-2020 ਲਈ ਉਸਾਰੀ ਦੇ ਬਜਟ ਵਿਚ ਹੇਠ ਲਿਖੇ ਅਨੁਸਾਰ ਨਵੀਂ ਬਜਟ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ **(ਅੰਤਿਕਾ-10)**:-

| ਕੰਮ ਦਾ ਨਾਂ | ਐਸਟੀਮੇਟਿਡ ਕਾਸਟ | ਵਿੱਤੀ ਸਾਲ 2019-20 ਵਿਚ ਲੋੜੀਂਦੀ ਬਜਟ ਵਿਵਸਥਾ |
|---|---|---|
| Budget provision of the work shifting of existing storm sewer pipe line in village Falauli i.e. Urban Estate Phase-4, back side of Punjabi University by PDA Patiala | 75,00,000/- | 75,00,000/- |

**10. ਮਹਾਰਾਣਾ ਪ੍ਰਤਾਪ ਚੇਅਰ ਦੇ ਬਜਟ ਵਿਚ ਵਿੱਤੀ ਸਾਲ 2019-20 ਦੌਰਾਨ ਇਕ ਸੀਨੀਅਰ ਫੈਲੋ ਦੀ ਆਸਾਮੀ (@ 27,000/- ਰੁਪਏ ਪ੍ਰਤੀ ਮਹੀਨਾ+ਮਕਾਨ ਕਿਰਾਇਆ ਭੱਤਾ+ਕੰਟੀਜੈਂਸੀ) ਦੀ ਵਿਵਸਥਾ ਕੀਤੀ ਜਾਵੇ। ਸਪਸ਼ਟ ਹੈ ਕਿ ਚੇਅਰ ਦਾ ਖਰਚਾ ਚੇਅਰ ਲਈ ਸਥਾਪਿਤ ਕੀਤੇ ਇੰਡੋਮੈਂਟ ਫੰਡ ਤੋਂ ਪ੍ਰਾਪਤ ਵਿਆਜ਼ ਦੀ ਰਾਸ਼ੀ ਨਾਲ ਹੀ ਕੀਤਾ ਜਾਵੇਗਾ।**

**ਪੈਰਾ-(XIII)**

**11. Irregular payment of secretariat pay to University employees ਵਿਸ਼ੇ ਤੇ ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ (ਸਿੱਖਿਆ-1 ਸ਼ਾਖਾ) ਵਲੋਂ ਪ੍ਰਾਪਤ ਹੋਏ ਮੀਮੋ ਨੰ: 13/32/19-4ਸਿ1/473-475 ਮਿਤੀ 27-12-19 ਨੂੰ ਐਡਾਪਟ ਕਰਦੇ ਹੋਏ ਮਿਤੀ 1-1-2020 ਤੋਂ ਯੂਨੀਵਰਸਿਟੀ ਵਿਖੇ ਸਕੱਤਰੇਤ ਪੇ ਦੀ ਅਦਾਇਗੀ ਰੋਕ ਦਿੱਤੀ ਜਾਵੇ।(ਅੰਤਿਕਾ-11)**

**ਇਥੇ ਇਹ ਵਰਣਨਯੋਗ ਹੈ ਕਿ ਉਕਤ ਫੈਸਲੇ ਵਿਰੁੱਧ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਟੇਅ ਦਿੱਤੀ ਹੋਈ ਹੈ ਅਤੇ ਇਸ ਅਲਾਉਂਸ ਦੀ ਅਦਾਇਗੀ ਅਦਾਲਤ ਦੇ ਫੈਸਲੇ ਦੇ ਤਾਬੇ ਕੀਤੀ ਜਾ ਰਹੀ ਹੈ।**

**ਪੈਰਾ-(XIV)**

**2. ਪਾਸ ਹੋਇਆ ਕਿ ਵਿੱਤ ਕਮੇਟੀ ਵਲੋਂ ਆਪਣੀ ਇਕੱਤਰਤਾ ਮਿਤੀ 23-03-2020 ਵਿਚ ਕੀਤੀਆਂ ਹੇਠ ਲਿਖੀਆਂ ਸਿਫਾਰਸ਼ਾਂ (ਅੰਤਿਕਾ-2) ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ: -**

**1. ਵਿੱਤੀ ਸਾਲ 2018-19 ਦੇ ਵਾਸਤਵਿਕ ਅੰਕੜਿਆਂ, 2019-20 ਦੇ ਸੋਧੇ ਹੋਏ ਅਨੁਮਾਨਾਂ ਅਤੇ 2020-21 ਦੇ ਬਜਟ ਅਨੁਮਾਨਾਂ ਤੇ ਹੇਠ ਦਰਸਾਏ ਬਜਟ ਨੋਟ ਅਨੁਸਾਰ ਵਿਚਾਰ ਕਰਨ ਉਪਰੰਤ ਇਨ੍ਹਾਂ ਬਜਟ ਅਨੁਮਾਨਾਂ ਨੂੰ ਪ੍ਰਵਾਨ ਕੀਤਾ ਜਾਵੇ:-**

**ਪੈਰਾ-(I)**

ਯੂਨੀਵਰਸਿਟੀ ਦੇ ਵਿੱਤੀ ਸਾਲ 2018-19, ਚਾਲੂ ਵਿੱਤੀ ਸਾਲ 2019-20 ਅਤੇ ਨਵੇਂ ਵਿੱਤੀ ਸਾਲ 2020-21 ਦੀ ਵਿੱਤੀ ਸਥਿਤੀ ਦਾ ਸਾਰ ਹੇਠ ਲਿਖੇ ਅਨੁਸਾਰ ਹੈ:-

| ਵਿੱਤੀ ਸਾਲ 2018-19 | ਰੁਪਏ |
|---|---|
| ਮੁੱਢਲੀ ਰਾਸ਼ੀ (ਓਪਨਿੰਗ ਬੈਲੈਂਸ) | *(-)10,49,90,783 |
| → ਵਾਸਤਵਿਕ ਆਮਦਨ | 3,87,64,99,429 |
| ਜੋੜ | 3,77,15,08,646 |
| → ਵਾਸਤਵਿਕ ਖਰਚਾ | 4,59,19,34,312 |
| ਬਾਕੀ ਰਾਸ਼ੀ (ਕਲੋਜ਼ਿੰਗ ਬੈਲੈਂਸ) | *(-)82,04,25,666 |
| ** ਚਾਲੂ ਖਾਤਾ/ਹੋਰ ਖਾਤੇ ਸ਼ਾਮਲ ਹਨ* | |
| **ਵਿੱਤੀ ਸਾਲ 2019-20** | |
| **ਮੂਲ ਅਨੁਮਾਨ** | |
| → ਆਮਦਨ | 3,44,65,63,680 |
| → ਖਰਚਾ | 7,17,30,02,790 |
| ਘਾਟਾ/ਵਾਧਾ | (-)3,72,64,39,110 |
| **ਸੋਧੇ ਹੋਏ ਅਨੁਮਾਨ** | |
| ਮੁੱਢਲੀ ਰਾਸ਼ੀ (ਓਪਨਿੰਗ ਬੈਲੈਂਸ) | *(-)82,04,25,666 |
| → ਆਮਦਨ | 3,79,46,95,780 |
| ਜੋੜ | 2,97,42,70,114 |
| ** ਚਾਲੂ ਖਾਤਾ/ਹੋਰ ਖਾਤੇ ਸ਼ਾਮਲ ਹਨ* | |
| → ਖਰਚਾ | 7,10,23,52,410 |
| ਘਾਟਾ/ਵਾਧਾ | (-)4,12,80,82,296 |

ਚਲਦਾ.......

## ਵਿੱਤੀ ਸਾਲ 2020-21

ਵਿੱਤੀ ਸਾਲ 2020-21 ਦੇ ਬਜਟ ਅਨੁਮਾਨਾ ਵਿਚ ਆਮਦਨ ਅਤੇ ਖਰਚੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**➔ਆਮਦਨ**

| ਆਮਦਨ ਦਾ ਵੇਰਵਾ | | ਰੁਪਏ (ਅਨੁਮਾਨਿਤ) |
|---|---|---|
| 1 | ਰਾਜ ਸਰਕਾਰ ਤੋਂ ਗਰਾਂਟ<br>*(ਹਾਲ ਦੀ ਘੜੀ ਨਿਰਬਾਹ ਗਰਾਂਟ ਦੀ ਵਿਵਸਥਾ 6 ਪ੍ਰਤੀਸ਼ਤ ਸਾਲਾਨਾ ਵਾਧੇ ਅਨੁਸਾਰ 1,08,91,05,320/- (02 ਚੇਅਰਜ਼ ਦੇ 04 ਕਰੋੜ ਰੁਪਏ ਸ਼ਾਮਲ ਹਨ) ਦਰਸਾਈ ਗਈ ਹੈ। ਇਸ ਵਿਚ 03 ਕੰਸਟੀਚੂਐਂਟ ਕਾਲਜਾਂ ਦੀ ਪੈਂਡਿੰਗ 16,50,00,000/- ਅਤੇ 2020-21 ਦੀ ਬਣਦੀ 4,50,00,000/- ਰੁਪਏ ਦੀ ਗਰਾਂਟ ਸ਼ਾਮਲ ਨਹੀਂ ਹੈ। ਇਥੇ ਇਹ ਦੱਸਣਾ ਯੋਗ ਹੈ ਕਿ ਰਾਜ ਸਰਕਾਰ ਨੂੰ ਵਿੱਤੀ ਸਾਲ 2020-21 ਲਈ 344 ਕਰੋੜ ਰੁਪਏ ਦੀ ਅਤਿਰਿਕਤ ਗਰਾਂਟ ਦੀ ਵਿਵਸਥਾ ਕਰਨ ਲਈ ਬੇਨਤੀ ਕੀਤੀ ਗਈ ਹੈ)* | 1,08,91,05,320 |
| 2 | ਕੇਂਦਰ ਸਰਕਾਰ | |
| 3 | ਰਾਸ਼ਟਰੀ ਸੇਵਾ ਯੋਜਨਾ ਐਨ.ਐਸ.ਐਸ. (ਸੈਂਟਰਲ/ਸਟੇਟ ਗੌਰਮਿੰਟ ਗਰਾਂਟ) | 1,28,64,000 |
| 4 | ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਵਿਕਾਸ ਸਕੀਮਾਂ) | 1,42,50,000 |
| 5 | ਰਿਸਰਚ ਪ੍ਰੋਜੈਕਟ ਨਾਨ-ਯੂ.ਜੀ.ਸੀ. ਗਰਾਂਟਾਂ | 2,40,00,000 |
| 6 | ਯੂਨੀਵਰਸਿਟੀ ਦੇ ਆਪਣੇ ਵਸੀਲਿਆਂ ਤੋਂ ਆਮਦਨ<br>*(ਪ੍ਰੀਖਿਆ ਫੀਸਾਂ, ਯੂਨੀਵਰਸਿਟੀ ਟਿਊਸ਼ਨ ਫੀਸਾਂ, ਵਿਦਿਆਰਥੀਆਂ ਦੇ ਚੰਦੇ ਅਤੇ ਸਕਿਉਰਟੀਆਂ, ਡਿਸਟੈਂਸ ਐਜੂਕੇਸ਼ਨ ਕੋਰਸਾਂ ਦੀਆਂ ਫੀਸਾਂ-ਜਮ੍ਹਾਂ ਰਾਸ਼ੀ ਤੇ ਵਿਆਜ਼, ਰਜਿਸਟ੍ਰੇਸ਼ਨ, ਸਰਟੀਫਿਕੇਟ ਪੁਨਰ-ਚੈਕਿੰਗ, ਮੁਲਾਂਕਣ ਆਦਿ ਸਬੰਧੀ ਫੀਸਾਂ, ਜਮ੍ਹਾਂ ਰਾਸ਼ੀ ਤੇ ਵਿਆਜ਼ ਫੁਟਕਲ (ਸਕਿਉਰਟੀ, ਫਾਰਮਾਂ ਦੀ ਵਿਕਰੀ, ਬਿਜਲੀ, ਪਾਣੀ ਤੋਂ ਆਮਦਨ ਆਦਿ), ਕਰਮਚਾਰੀਆਂ ਪਾਸੋਂ ਕਰਜ਼ਿਆਂ/ਅਗੇਤੀ ਰਾਸ਼ੀ ਦੀ ਵਸੂਲੀ ਆਦਿ)* | 2,61,60,000<br>2,18,29,81,810 |
| 7 | ਰਾਸ਼ਟਰੀ ਉਚੱਤਰ ਸਿਖਸ਼ਾ ਅਭਿਆਨ (ਰੂਸਾ) ਵਲੋਂ ਗਰਾਂਟ | 50,00,00,000 |
| | **ਜੋੜ** | **3,84,93,61,130** |

**➔ਖਰਚਾ**

| ਖਰਚੇ ਦਾ ਵੇਰਵਾ | | ਰੁਪਏ (ਅਨੁਮਾਨਿਤ) |
|---|---|---|
| 1 | ਆਮ ਪ੍ਰਬੰਧ | 88,12,23,900 |
| 2 | ਅਧਿਆਪਨ ਅਤੇ ਖੋਜ ਵਿਭਾਗ | 2,41,87,38,960 |
| 3 | ਡਿਸਟੈਂਸ ਐਜੂਕੇਸ਼ਨ | 20,16,41,880 |
| 4 | ਲਾਇਬਰੇਰੀ | 11,81,34,720 |
| 5 | ਫੁਟਕਲ ਵਿਭਾਗ | 1,18,64,57,570 |
| 6 | ਸਿੱਖਿਆ ਦਾ ਸੁਧਾਰ | 6,86,72,270 |
| 7 | ਕੰਸਟੀਚੂਐਂਟ ਕਾਲਜ | 42,51,46,960 |
| 8 | "ਪੰਜਾਬੀ ਭਾਸ਼ਾ ਦਾ ਵਿਕਾਸ" ਲੇਖੇ ਵਿਚ ਰਕਮ ਦੀ ਤਬਦੀਲੀ | 10,00,00,000 |
| 9 | ਪੈਨਸ਼ਨ ਫੰਡ ਵਿਚ ਰਕਮ ਦੀ ਤਬਦੀਲੀ | 50,00,00,000 |
| 10 | ਖੋਜ ਸਕੀਮਾਂ, ਹੋਰ ਸਕੀਮਾਂ ਵਜ਼ੀਫੇ ਅਤੇ ਸਟਾਈਪੈਂਡ | 11,21,25,000 |
| 11 | ਉਸਾਰੀ ਬਜਟ ਦੇ ਖਰਚੇ/ਬਿਲਡਿੰਗ ਫੰਡ ਅਕਾਊਂਟ ਵਿਚ ਰਾਸ਼ੀ ਦੀ ਤਬਦੀਲੀ ਆਦਿ | 25,57,84,720 |
| 12 | ਰਾਸ਼ਟਰੀ ਉਚੱਤਰ ਸਿਖਸ਼ਾ ਅਭਿਆਨ (ਰੂਸਾ) ਵਲੋਂ ਪ੍ਰਾਪਤ ਗਰਾਂਟ ਦਾ ਰਿਸਰਚ, ਇਨੋਵੇਸ਼ਨ ਅਤੇ ਕਵਾਲਟੀ ਇਮਪਰੂਵਮੈਂਟ ਆਦਿ ਲਈ ਖਰਚਾ | 50,00,00,000 |
| | **ਜੋੜ** | **6,76,79,25,980** |

**➔ਓਵਰਡਰਾਫਟ/ਹੋਰ ਲੋਨ**

| | | ਰੁਪਏ (ਅਨੁਮਾਨਿਤ) |
|---|---|---|
| 1 | ਓਵਰਡਰਾਫਟ | 1,20,00,00,000 |
| 2 | ਮਿਆਦੀ ਜਮ੍ਹਾਂ ਵਿਰੁੱਧ ਲਏ ਗਏ ਕਰਜ਼ੇ | 30,70,80,800 |
| | **ਜੋੜ** | **1,50,70,80,800** |

ਵਰਣਿਤ ਆਮਦਨ ਅਤੇ ਖਰਚੇ ਨੂੰ ਮੁੱਖ ਰੱਖਦਿਆਂ ਅਗਲੇ ਵਿੱਤੀ ਸਾਲ ਵਿਚ 2,91,85,64,850/- ਰੁਪਏ ਦਾ ਬਜਟਿਡ ਘਾਟਾ ਹੋਵੇਗਾ। ਇਸ ਦੇ ਨਾਲ ਹੀ 7ਵੇਂ ਕੇਂਦਰੀ ਪੇ-ਕਮਿਸ਼ਨ ਲਾਗੂ ਹੋਣ ਦੀ ਸੂਰਤ ਵਿਚ ਯੂਨੀਵਰਸਿਟੀ ਅਧਿਆਪਨ ਵਰਗ ਨੂੰ ਲਗਭਗ 121 ਕਰੋੜ ਰੁਪਏ ਦੇ ਏਰੀਅਰ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਤਨਖਾਹ ਦਾ ਖਰਚਾ ਲਗਭਗ 05 ਕਰੋੜ ਰੁਪਏ ਪ੍ਰਤੀ ਮਹੀਨਾ (60 ਕਰੋੜ ਸਾਲਾਨਾ) ਵੱਧ ਜਾਵੇਗਾ। ਜਿਸ ਕਾਰਨ ਉਪਰੋਕਤ ਘਾਟਾ ਹੋਰ ਵੀ ਵੱਧ ਕੇ 473 ਕਰੋੜ ਦੇ ਲਗਭਗ ਹੋ ਜਾਵੇਗਾ। ਇਹ ਘਾਟਾ ਰਾਜ ਸਰਕਾਰ ਤੋਂ ਸੋਧੇ ਹੋਏ ਅਨੁਮਾਨਾਂ ਵਿਚ ਅਤਿਰਿਕਤ ਗਰਾਂਟ ਦੀ ਮੰਗ ਕਰਕੇ, ਨਵੇਂ ਵਸੀਲਿਆਂ ਤੋਂ ਆਮਦਨ ਇਕੱਠੀ ਕਰਕੇ ਅਤੇ ਯੂਨੀਵਰਸਿਟੀ ਦੇ ਸਮੁੱਚੇ ਖਰਚਿਆਂ ਵਿਚ ਬਚਤਾਂ (ਜਿਹਨਾਂ ਵਿਚ ਖਰਚਿਆਂ ਤੋਂ ਲਾਈ ਜਾਣ ਵਾਲੀ ਕੱਟ ਵੀ ਸ਼ਾਮਲ ਹੈ) ਕਰਕੇ ਪੂਰਾ ਕਰਨਾ ਦਾ ਉਪਰਾਲਾ ਕੀਤਾ ਜਾਵੇਗਾ।

ਚਲਦਾ ........

| ਖਰਚੇ ਦੀ ਪ੍ਰਤੀਸ਼ਤਤਾ | | |
|---|---|---|
| 1 | ਆਮ ਪ੍ਰਬੰਧ | 13.02 |
| 2 | ਯੂਨੀਵਰਸਿਟੀ ਅਧਿਆਪਨ ਜਿਸ ਵਿਚ ਅਧਿਆਪਨ ਅਤੇ ਖੋਜ ਵਿਭਾਗ, ਡਿਸਟੈਂਸ ਐਜੂਕੇਸ਼ਨ, ਲਾਇਬਰੇਰੀ, ਸਿੱਖਿਆ ਦਾ ਸੁਧਾਰ, ਕੰਸਟੀਚੂਐਂਟ ਕਾਲਜ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਗਰਾਂਟ ਸ਼ਾਮਲ ਹੈ) | 49.24 |
| 3 | ਫੁਟਕਲ ਵਿਭਾਗ (ਜਿਸ ਵਿਚ ਡਿਸਪੈਂਸਰੀ, ਪ੍ਰੈਸ, ਕੈਂਪਸ ਵਿਖੇ ਸਕੂਲ, ਸਾਂਭ-ਸੰਭਾਲ ਵਿੰਗ, ਬਾਗਵਾਨੀ ਵਿੰਗ, ਮਿਲਖ ਦਫ਼ਤਰ, ਪੈਨਸ਼ਨ ਫੰਡ ਸ਼ਾਮਲ ਹਨ, ਜੋ ਅਧਿਆਪਨ ਅਤੇ ਗੈਰ-ਅਧਿਆਪਨ ਵਿਭਾਗਾਂ ਲਈ ਸਾਂਝੇ ਹਨ) | 24.92 |
| 4 | ਖੋਜ ਸਕੀਮਾਂ, ਹੋਰ ਸਕੀਮਾਂ, ਵਜ਼ੀਫ਼ੇ ਅਤੇ ਸਟਾਈਪਿੰਡ | 01.66 |
| 5 | ਉਸਾਰੀ ਬਜਟ ਦੇ ਖਰਚੇ/ਬਿਲਡਿੰਗ ਫੰਡ ਅਕਾਊਂਟ ਵਿਚ ਰਾਸ਼ੀ ਦੀ ਤਬਦੀਲੀ ਆਦਿ | 03.78 |
| 6 | ਰਾਸ਼ਟਰੀ ਉੱਚਤਰ ਸਿਖਸ਼ਾ ਅਭਿਆਨ (ਰੂਸਾ) ਵੱਲੋਂ ਪ੍ਰਾਪਤ ਗਰਾਂਟ ਦਾ ਰਿਸਰਚ, ਇਨੋਵੇਸ਼ਨ ਅਤੇ ਕਵਾਲਟੀ ਇਮਪਰੂਵਮੈਂਟ ਆਦਿ ਲਈ ਖਰਚਾ | 07.38 |

## <u>ਇਮਾਰਤਾਂ ਦੀ ਉਸਾਰੀ</u>

ਵਿੱਤੀ ਸਾਲ 2020-21 ਲਈ ਉਸਾਰੀ ਕੰਮਾਂ ਦਾ ਬਜਟ ਐਸਟੀਮੇਟ 7,77,84,717/- ਰੁਪਏ ਹੈ। ਉਸਾਰੀ ਦੇ ਕੰਮਾਂ ਲਈ ਯੂਨੀਵਰਸਿਟੀ ਵਲੋਂ ਸ਼ੁਰੂ ਕੀਤੇ ਗਏ ਪ੍ਰੋਜੈਕਟਾਂ ਲਈ ਰਾਜ ਸਰਕਾਰ ਵਲੋਂ ਕੋਈ ਗਰਾਂਟ ਨਹੀਂ ਦਿੱਤੀ ਗਈ, ਜਿਸ ਦੇ ਸਿੱਟੇ ਵਜੋਂ ਉਸਾਰੀ ਕਾਰਜਾਂ ਦਾ ਵਿੱਤੀ ਬੋਝ ਯੂਨੀਵਰਸਿਟੀ ਨੂੰ ਹੀ ਸਹਿਣਾ ਪੈ ਰਿਹਾ ਹੈ। ਮਿਲਣ ਵਾਲੀਆਂ ਗਰਾਂਟਾਂ ਦੀ ਕੋਈ ਕੁਮਿਟਮੈਂਟ ਨਾ ਹੋਣ ਕਾਰਨ ਆਮਦਨ ਦੇ ਬਜਟ ਵਿਚ ਇਸ ਮੱਦ ਲਈ ਕੋਈ ਰਾਸ਼ੀ/ਗਰਾਂਟ ਨਹੀਂ ਦਰਸਾਈ ਗਈ।

## <u>ਪੰਜਾਬੀ ਭਾਸ਼ਾ ਦੇ ਵਿਕਾਸ ਦਾ ਬਜਟ</u>
## ਵਿੱਤੀ ਸਾਲ 2020-21 ਦੇ ਬਜਟ ਅਨੁਮਾਨ

| | |
|---|---|
| ਆਮਦਨ | 10,00,00,000 |
| ਖਰਚਾ | 19,75,98,090 |
| ਘਾਟਾ | (-)9,75,98,090 |

ਪੰਜਾਬੀ ਭਾਸ਼ਾ ਦੇ ਵਿਕਾਸ ਵਿਭਾਗ ਦੇ ਆਮਦਨ ਅਤੇ ਖਰਚੇ ਨੂੰ ਮੁੱਖ ਰੱਖਦਿਆਂ ਅਗਲੇ ਵਿੱਤੀ ਸਾਲ ਵਿਚ 9,75,98,090/- ਰੁਪਏ ਦਾ ਬਜਟਿਡ ਘਾਟਾ ਹੋਵੇਗਾ। ਇਹ ਘਾਟਾ ਰਾਜ ਸਰਕਾਰ ਵਲੋਂ ਯੂਨੀਵਰਸਿਟੀ ਨੂੰ ਕੋਈ ਅਤਿਰਿਕਤ ਗਰਾਂਟ ਨਾ ਦੇਣ ਕਾਰਨ ਹੈ। ਪੰਜਾਬੀ ਭਾਸ਼ਾ ਵਿਕਾਸ ਦੇ ਬਜਟਿਡ ਘਾਟੇ ਨੂੰ ਰਾਜ ਸਰਕਾਰ ਤੋਂ ਅਤਿਰਿਕਤ ਰਾਸ਼ੀ ਲੈ ਕੇ ਅਤੇ ਖਰਚਿਆਂ ਵਿਚ ਬੱਚਤਾਂ ਕਰਕੇ ਪੂਰਾ ਕਰਨ ਦਾ ਉਪਰਾਲਾ ਕੀਤਾ ਜਾਵੇਗਾ। ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਬਜਟ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਯੂਨੀਵਰਸਿਟੀ ਦੇ ਮੁੱਖ ਬਜਟ ਵਿਚੋਂ ਹੀ ਰਾਸ਼ੀ ਦਿੱਤੀ ਜਾ ਰਹੀ ਹੈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਵਿਕਾਸ ਕਰਨਾ ਯੂਨੀਵਰਸਿਟੀ ਦਾ ਮੁੱਖ ਉਦੇਸ਼ ਹੈ। ਪਰ ਇਸ ਮੰਤਵ ਲਈ ਰਾਜ ਸਰਕਾਰ ਯੂਨੀਵਰਸਿਟੀ ਨੂੰ ਕੋਈ ਗਰਾਂਟ ਨਹੀਂ ਦੇ ਰਹੀ। ਇਸ ਸਬੰਧੀ ਰਾਜ ਸਰਕਾਰ ਨੂੰ ਬੇਨਤੀ ਕੀਤੀ ਜਾਂਦੀ ਰਹੀ ਹੈ ਪਰ ਰਾਜ ਸਰਕਾਰ ਵਲੋਂ ਕੋਈ ਅਤਿਰਿਕਤ ਗਰਾਂਟ ਨਹੀਂ ਦਿੱਤੀ ਗਈ।

**<u>2.</u> ਜੌਗਰਫ਼ੀ ਵਿਭਾਗ ਦੇ ਬਜਟ ਵਿਚ ਵਿੱਤੀ ਸਾਲ 2020-21 ਦੌਰਾਨ ਨਵੀਂ ਮੱਦ "ਗੈਸਟ ਫੈਕਲਟੀ" ਕਾਇਮ ਕਰਦੇ ਹੋਏ ਇਸ ਤਹਿਤ 60,000/- ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕੀਤੀ ਜਾਵੇ। (ਅੰਤਿਕਾ-1)**

ਪੈਰਾ-(II)

3. ਫ਼ਾਰਸੀ, ਉਰਦੂ ਅਤੇ ਅਰੈਬਿਕ ਵਿਭਾਗ ਦੇ ਬਜਟ ਵਿਚ ਵਿੱਤੀ ਸਾਲ 2019-20ਦੇ ਬਜਟ ਵਿਚ ਨਵੀਂ ਮੱਦ "ਗੈਸਟ ਫੈਕਲਟੀ" ਕਾਇਮ ਕਰਦੇ ਹੋਏ ਇਸ ਤਹਿਤ 3,00,000/- ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕੀਤੀ ਜਾਵੇ।

ਪੈਰਾ-(III)

4. ਹਿੰਦੀ ਵਿਭਾਗ ਦੇ ਬਜਟ ਵਿਚ ਵਿੱਤੀ ਸਾਲ 2020-21 ਦੌਰਾਨ ਨਵੀਂ ਮੱਦ "ਗੈਸਟ ਫੈਕਲਟੀ" ਕਾਇਮ ਕਰਦੇ ਹੋਏ ਇਸ ਤਹਿਤ 12,00,000/- ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕੀਤੀ ਜਾਵੇ।

ਪੈਰਾ-(IV)

5. ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ ਦੇ ਬਜਟ ਵਿਚ ਵਿੱਤੀ ਸਾਲ 2020-21 ਦੌਰਾਨ ਨਵੀਂ ਮੱਦ "ਗੈਸਟ ਫੈਕਲਟੀ" ਕਾਇਮ ਕਰਦੇ ਹੋਏ ਇਸ ਤਹਿਤ 1,00,000/- ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕੀਤੀ ਜਾਵੇ।

ਪੈਰਾ-(V)

6. ਕਾਨੂੰਨ ਵਿਭਾਗ ਦੇ ਬਜਟ ਵਿਚ ਵਿੱਤੀ ਸਾਲ 2020-21 ਦੌਰਾਨ ਨਵੀਂ ਮੱਦ "ਗੈਸਟ ਫੈਕਲਟੀ" ਕਾਇਮ ਕਰਦੇ ਹੋਏ ਇਸ ਤਹਿਤ 25,00,000/- ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕੀਤੀ ਜਾਵੇ।

ਪੈਰਾ-(VI)

7. ਯੂਨੀਵਰਸਿਟੀ ਕਾਲਜ, ਮੂਨਕ ਦੀ ਬਜਟ ਮੱਦ "ਗੈਸਟ ਫੈਕਲਟੀ" ਤਹਿਤ ਵਿੱਤੀ ਸਾਲ 2020-21 ਲਈ ਪਹਿਲਾਂ ਕੀਤੀ 07 ਲੱਖ ਰੁਪਏ ਦੀ ਬਜਟ ਵਿਵਸਥਾ ਨੂੰ ਵਧਾ ਕੇ 30 ਲੱਖ ਰੁਪਏ ਕੀਤਾ ਜਾਵੇ।

ਪੈਰਾ-(VII)

8. ਯੂਨੀਵਰਸਿਟੀ ਕਾਲਜ, ਜੈਤੋ ਦੀ ਬਜਟ ਮੱਦ "ਗੈਸਟ ਫੈਕਲਟੀ" ਤਹਿਤ ਵਿੱਤੀ ਸਾਲ 2020-21 ਲਈ ਪਹਿਲਾਂ ਕੀਤੀ 07 ਲੱਖ ਰੁਪਏ ਦੀ ਬਜਟ ਵਿਵਸਥਾ ਨੂੰ ਵਧਾ ਕੇ 25 ਲੱਖ ਰੁਪਏ ਕੀਤਾ ਜਾਵੇ।

ਪੈਰਾ-(VIII)

9. ਯੂਨੀਵਰਸਿਟੀ ਕਾਲਜ, ਘਨੌਰ ਦੀ ਬਜਟ ਮੱਦ "ਗੈਸਟ ਫੈਕਲਟੀ" ਤਹਿਤ ਵਿੱਤੀ ਸਾਲ 2020-21 ਵਿਚ 07 ਲੱਖ ਰੁਪਏ ਦੀ ਬਜਟ ਵਿਵਸਥਾ ਨੂੰ ਵਧਾ ਕੇ 15 ਲੱਖ ਰੁਪਏ ਕੀਤਾ ਜਾਵੇ।

ਪੈਰਾ-(IX)

10. ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੀ ਬਜਟ ਮੱਦ "ਵਿਜ਼ਿਟਿੰਗ ਫੈਕਲਟੀ/ਗੈਸਟ ਫੈਕਲਟੀ/ਐਕਸਟੈਂਸ਼ਨ ਲੈਕਚਰਜ਼"ਤਹਿਤ ਵਿੱਤੀ ਸਾਲ 2019-20 ਦੌਰਾਨ 03 ਲੱਖ ਰੁਪਏ ਦੀ ਬਜਟ ਵਿਵਸਥਾ ਤੋਂ ਇਲਾਵਾ 05 ਲੱਖ ਰੁਪਏ ਦੀ ਹੋਰ ਐਨ.ਆਰ. ਰਾਸ਼ੀ ਅਤੇ ਵਿੱਤੀ ਸਾਲ 2020-21 ਤੋਂ ਬਜਟ ਵਿਵਸਥਾ 03 ਲੱਖ ਰੁਪਏ ਤੋਂ ਵਧਾ ਕੇ 04 ਲੱਖ ਰੁਪਏ ਕੀਤੀ ਜਾਵੇ।

ਪੈਰਾ-(X)

11. ਮਿਤੀ 19 ਸਤੰਬਰ, 2019 ਤੋਂ ਲਗਭਗ 549 ਕਰਮਚਾਰੀ (ਸੇਵਾਦਾਰ, ਸਫ਼ਾਈ ਸੇਵਕ, ਸਕਿਊਰਟੀ ਗਾਰਡ, ਸਕਿਊਰਟੀ ਸੁਪਰਵਾਈਜ਼ਰ, ਕੁੱਕ ਮਸਾਲਚੀ, ਮਾਲੀ, ਲਿਫਟ ਅਟੈਂਡੈਂਟ ਅਤੇ ਸਹਾਇਕ ਸਫ਼ਾਈ ਸੁਪਰਵਾਈਜ਼ਰ) ਯੂਨੀਵਰਸਿਟੀ ਵਿਖੇ ਦਿਹਾੜੀਦਾਰ ਵਜੋਂ ਹਾਜ਼ਰ ਹੋਣ ਉਪਰੰਤ ਇਨ੍ਹਾਂ ਸਾਰੇ ਕਰਮਚਾਰੀਆਂ ਦੀ ਤਨਖਾਹ ਵੀ ਬਜਟ ਮੱਦ "ਅਤਿਰਿਕਤ ਅਮਲਾ" ਵਿਚੋਂ ਚਾਰਜ ਹੋਣ ਕਾਰਨ ਬਜਟ ਮੱਦ "ਅਤਿਰਿਕਤ ਅਮਲਾ" ਤਹਿਤ ਵਿੱਤੀ ਸਾਲ 2020-21 ਲਈ ਬਜਟ ਵਿਵਸਥਾ 01 ਕਰੋੜ 90 ਲੱਖ ਰੁਪਏ ਤੋਂ ਵਧਾ ਕੇ 10 ਕਰੋੜ ਰੁਪਏ ਕੀਤੀ ਜਾਵੇ।

ਇਥੇ ਇਹ ਵਰਣਨਯੋਗ ਹੈ ਕਿ ਇਹ ਦਿਹਾੜੀਦਾਰ ਅਸਾਮੀਆਂ ਭਰਨ ਲਈ ਸਿੰਡੀਕੇਟ ਵੱਲੋਂ ਮਿਤੀ 21.08.2019 ਦੀ ਮੀਟਿੰਗ ਵਿਚ ਪਰਵਾਨਗੀ ਦਿੱਤੀ ਹੋਈ ਹੈ। ਇਥੇ ਇਹ ਵੀ ਵਰਣਨਯੋਗ ਹੈ ਕਿ ਉਪਰੋਕਤ 549 ਕਰਮਚਾਰੀਆਂ ਦੇ ਦਿਹਾੜੀਦਾਰ ਵਜੋਂ ਹਾਜ਼ਰ ਹੋਣ ਕਾਰਨ 549 ਆਊਟ ਸੋਰਸਿਡ ਕਰਮਚਾਰੀ ਘਟਾ ਦਿੱਤੇ ਗਏ ਹਨ। ਕਿਉਂਕਿ ਹਰ ਦਿਹਾੜੀਦਾਰ ਕਰਮਚਾਰੀ ਨੂੰ ਆਊਟ ਸੋਰਸਿਡ ਕਰਮਚਾਰੀ ਤੋਂ ਪ੍ਰਤੀ ਮਹੀਨਾ 1000 ਰੁਪਏ ਘੱਟ ਅਦਾਇਗੀ ਕੀਤੀ ਜਾ ਰਹੀ ਹੈ ਜਿਸਦੇ ਸਿੱਟੇ ਵਜੋਂ ਯੂਨੀਵਰਸਿਟੀ ਨੂੰ ਸਾਲਾਨਾ ਲਗਭਗ 66 ਲੱਖ ਰੁਪਏ (549×1000×12) ਦੀ ਬੱਚਤ ਹੋਵੇਗੀ।

ਪੈਰਾ-(XI)

ਚਲਦਾ .......

**12.** **ਵਿੱਤੀ ਸਾਲ 2018-19 ਦੇ ਯੂਨੀਵਰਸਿਟੀ ਨਾਲ ਸਬੰਧਤ ਨਿਮਨ ਲਿਖਤ ਬੈਂਕ ਖਾਤਿਆਂ ਦੇ ਆਡਿਟ ਹੋਏ ਵਿੱਤੀ ਵਿਵਰਣ (Financial Statement) (ਅੰਤਿਕਾ-2) ਨੂੰ ਨੋਟ ਕੀਤਾ:-**

| ਕ੍ਰਮਾਂਕ | ਖਾਤੇ ਦਾ ਨਾਂ | ਖਾਤਾ ਨੰਬਰ |
|---|---|---|
| 1. | ਚਾਲੂ ਖਾਤਾ | 55081433179 |
| 2. | ਡਿਵੈਲਪਮੈਂਟ ਆਫ਼ ਪੰਜਾਬੀ ਲੈਂਗੁਏਜ਼ (ਡੀ.ਪੀ.ਐਲ.) | 55081435994 |
| 3. | ਹੋਲੀਡੇ ਹੋਮ ਸ਼ਿਮਲਾ | 55081436169 |
| 4. | ਬਿਲਡਿੰਗ ਫੰਡ | 55081435983 |
| 5. | ਮੈਨੇਜਮੈਂਟ ਐਂਡ ਟੈਕਨਾਲੋਜੀ ਭਵਨ | 65040208384 |
| 6. | ਯੂਨੀਵਰਸਿਟੀ ਕਾਲਜ ਆਫ਼ ਇੰਜੀਨੀਅਰਿੰਗ (ਯੂਕੋ) | 55081437708 |
| 7. | ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਤਲਵੰਡੀ ਸਾਬੋ | 55081437695 |
| 8. | ਇੰਜੀਨੀਅਰਿੰਗ ਕਾਲਜ, ਰਾਮਪੁਰਾ ਫੂਲ | 65037291460 |
| 9. | ਸਪੈਸ਼ਲ ਇੰਡੋਮੈਂਟ ਫੰਡ | 55081436034 |
| 10. | ਕਰਮਚਾਰੀ ਕੰਟਰੀਬਿਊਟਰੀ ਵੈਲਫੇਅਰ ਸਕੀਮ | 55081436501 |
| 11. | ਯੂ.ਜੀ.ਸੀ. | 55081436884 |
| 12. | ਨਾਨ ਯੂ.ਜੀ.ਸੀ. | 55081437129 |
| 13. | ਆਲ ਇੰਡੀਆ ਕੌਂਸਿਲ ਫਾਰ ਟੈਕਨੀਕਲ ਐਜੂਕੇਸ਼ਨ | 55081437549 |
| 14. | ਯੂ.ਜੀ.ਸੀ. ਰਿਸੋਰਸ ਮੋਬਲਾਇਜੇਸ਼ਨ | 65005896188 |
| 15. | ਡੀ.ਐਸ.ਟੀ. -ਫਿਸਟ | 55081437606 |
| 16. | ਐਮਪੈਨਲਡ ਟਰੇਨਿੰਗ ਇੰਸਟੀਚਿਊਟ (ਈ.ਟੀ.ਆਈ.-ਐਨ.ਐਸ.ਐਸ.) | 65159707800 |
| 17. | ਈ.ਐਮ.ਐਮ.ਆਰ.ਸੀ. (ਏ.ਵੀ.ਆਰ.ਸੀ.) | 55081436679 |
| 18. | ਮੂਕ | 65273628780 |
| 19. | ਐਨ.ਐਸ.ਐਸ. | 38132649067 |
| 20. | ਮਹਾਰਾਜਾ ਅਗਰਸੇਨ ਚੇਅਰ | 37850760174 |
| 21. | ਗੁਰੂ ਗੋਬਿੰਦ ਸਿੰਘ ਚੇਅਰ | 37257103272 |
| 22. | ਸਵੈਅਮ ਪ੍ਰਭਾ | 65274445853 |
| 23. | ਮਹਾਰਾਣਾ ਪ੍ਰਤਾਪ ਚੇਅਰ | 37850758701 |
| 24. | ਰੂਸਾ | 1087101018428 |
| 25. | ਆਰਚਰੀ ਅਕੈਡਮੀ | 38281983101 |
| 26. | ਪੈਨਸ਼ਨ ਫੰਡ | 55081436851 |
| 27. | ਪ੍ਰੋਵੀਡੈਂਟ ਅਤੇ ਜਨਰਲ ਪ੍ਰੋਵੀਡੈਂਟ ਫੰਡ | 55081436227 |

ਨੋਟ:-

ਯੂਨੀਵਰਸਿਟੀ ਕੈਲੰਡਰ ਜ਼ਿਲਦ-1(2014) ਦੇ ਪੰਨਾ 117 ਤੇ ਲੇਖੇ ਨਾਲ ਸਬੰਧਤ ਸਟੈਚੂਟ-22 ਅਨੁਸਾਰ ਵਿਵਸਥਾ ਹੈ ਕਿ ਰਜਿਸਟਰਾਰ, ਇਨ੍ਹਾਂ ਵਿਚੋਂ ਹਰੇਕ ਲੇਖੇ ਦੀ ਵਿਸਥਾਰਪੂਰਵਕ ਅਵਸਥਾ ਦਰਸਾਉਂਦਾ ਇੱਕ ਸਲਾਨਾ ਆਮ ਵਿਵਰਣ ਤਿਆਰ ਕਰੇਗਾ ਜਿਸ ਦੀ ਆਡਿਟ ਪੜਤਾਲ ਕਰੇਗਾ ਅਤੇ ਉਸ ਤੇ ਪ੍ਰਤੀ ਦਸਤਖਤ ਕਰੇਗਾ। ਤੱਦ ਇਹ ਆਮ ਵਿਵਰਣ 'ਵਿੱਤ ਕਮੇਟੀ' ਅਤੇ ਸਿੰਡੀਕੇਟ ਰਾਹੀਂ ਸੈਨੇਟ ਅੱਗੇ ਪੇਸ਼ ਕੀਤਾ ਜਾਵੇਗਾ। ਰਜਿਸਟਰਾਰ ਇਸ ਵਿਵਰਣ ਨੂੰ ਆਮ ਸੂਚਨਾ ਲਈ ਪੰਜਾਬ ਸਰਕਾਰ ਗਜਟ ਵਿਚ ਵੀ ਪ੍ਰਕਾਸ਼ਿਤ ਕਰਵਾਏਗਾ।

ਪੈਰਾ-(XII)

**13.** ***ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਨ੍ਹਾਂ ਰਾਹੀਂ ਉਨ੍ਹਾਂ ਨੇ ਹੇਠ ਦਰਸਾਏ ਕੇਸਾਂ (ਕ੍ਰਮਾਂਕ 1-10) ਵਿਚ ਵਿੱਤ ਕਮੇਟੀ/ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ਵਿਚ ਪ੍ਰਵਾਨਗੀ ਦਿੱਤੀ ਹੈ:-***

ਪੈਰਾ-(XV)

1. ਫੋਰੈਂਸਿਕ ਸਾਇੰਸ ਵਿਭਾਗ ਦੇ ਵਿੱਤੀ ਸਾਲ 2019-20 ਦੇ ਬਜਟ ਵਿਚ ਨਵੀਂ ਮੱਦ "ਵਿਭਾਗ ਦੀਆਂ ਅਕਾਦਮਿਕ/ਰਿਸਰਚ ਅਤੇ ਫੁਟਕਲ ਲੋੜਾਂ ਨੂੰ ਪੂਰਾ ਕਰਨ ਹਿੱਤ" ਕਾਇਮ ਕਰਨ ਅਤੇ ਇਸ ਤਹਿਤ 68,000/- ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

2. ਇਤਿਹਾਸ ਵਿਭਾਗ ਦੇ ਬਜਟ ਵਿਚ ਵਿੱਤੀ ਸਾਲ 2019-20 ਤੋਂ ਨਵੀਂ ਮੱਦ "ਨਾਮਧਾਰੀ ਅੰਦੋਲਨ: ਭਾਰਤੀ ਸਾਹਿਤ ਅਤੇ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ" ਕਾਇਮ ਕਰਦੇ ਹੋਏ ਇਸ ਤਹਿਤ 1,50,000/- ਰੁਪਏ ਦੀ ਐਨ.ਆਰ. ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

ਚਲਦਾ .......

3. ਵਿੱਤੀ ਸਾਲ 2019-20 ਦੌਰਾਨ ਸਪੋਰਟਸ ਵਿਭਾਗ ਲਈ ਨਵੀਂ ਬਜਟ ਮੱਦ "ਯੂਨੀਵਰਸਿਟੀ ਆਰਚਰੀ ਨਾਲ ਸਬੰਧਿਤ ਖਰਚੇ" ਕਾਇਮ ਕਰਦੇ ਹੋਏ 21,76,700/- ਰੁਪਏ ਦੀ ਐਨ.ਆਰ. ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

4. ਵਿੱਤੀ ਸਾਲ 2020-21 ਦੌਰਾਨ ਬਜਟ ਮੱਦ "ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ ਦੇ ਵਿਸਥਾਰ ਕਾਰਜ ਲਈ (ਲੈਬ/ਉਪਕਰਣ/ਇਮਾਰਤੀ ਫਿਨੀਸ਼ਿੰਗ/ਸੈਂਟਰ ਲਈ ਹੋਰ ਸੁਵਿਧਾਵਾਂ ਵਾਸਤੇ ਖਰਚ)" ਤਹਿਤ 11 ਲੱਖ ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

5. ਬੇਸਿਕ ਅਪਲਾਈਡ ਸਾਇੰਸ ਵਿਭਾਗ ਦੀ ਬਜਟ ਮੱਦ "ਲੈਬਾਰਟਰੀ/ਇਕਿਊਪਮੈਂਟਸ ਆਡਿਓ-ਵਿਜ਼ੂਅਲ ਏਡਜ਼, ਕਮਿਊਨੀਕੇਸ਼ਨ ਡਿਵਾਇਸਿਸ, ਲੈਬਾਰਟਰੀ ਦੀ ਸਾਂਭ-ਸੰਭਾਲ/ਏ.ਐਮ.ਸੀ. ਅਤੇ ਕੰਪਿਊਟਰ ਲੈਬਜ਼ ਦੀ ਸਾਂਭ-ਸੰਭਾਲ" ਤਹਿਤ ਵਿੱਤੀ ਸਾਲ 2019-20 ਦੌਰਾਨ ਪਹਿਲਾਂ ਹੋਈ ਵਿਵਸਥਾ (2,00,000/ ਰੁਪਏ ਰੈਕਰਿੰਗ) ਤੋਂ ਇਲਾਵਾ 1,50,000/- ਰੁਪਏ ਦੀ ਐਨ.ਆਰ. ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

6. ਸਕਿਉਰਟੀ-ਕਮ-ਟਰਾਂਸਪੋਰਟ ਦਫ਼ਤਰ, ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ ਦੀ ਬਜਟ ਮੱਦ "ਗੁਰੂ ਕਾਸ਼ੀ ਕੈਂਪਸ ਵਿਖੇ ਟਰਾਂਸਪੋਰਟ (ਵਹੀਕਲਜ਼ ਦੀ ਸਾਂਭ-ਸੰਭਾਲ ਅਤੇ ਚਲਾਉਣ ਦੇ ਖਰਚੇ)" ਤਹਿਤ ਵਿੱਤੀ ਸਾਲ 2019-20 ਦੌਰਾਨ ਪਹਿਲਾਂ ਹੋਈ 18 ਲੱਖ ਰੁਪਏ ਦੀ ਵਿਵਸਥਾ ਤੋਂ ਇਲਾਵਾ 03 ਲੱਖ ਰੁਪਏ ਦੀ ਐਨ.ਆਰ. ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

7. ਵਿੱਤੀ ਸਾਲ 2019-20 ਦੌਰਾਨ ਪ੍ਰੀਖਿਆ ਸ਼ਾਖਾ ਦੀ ਬਜਟ ਮੱਦ "ਪ੍ਰਸ਼ਨ-ਪੱਤਰਾਂ ਦੀ ਛਪਾਈ ਅਤੇ ਗੁਪਤ ਕਾਰਜ" ਤਹਿਤ 47 ਲੱਖ ਰੁਪਏ ਦੀ ਐਨ.ਆਰ. ਰਾਸ਼ੀ ਦੀ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

8. ਵਿੱਤੀ ਸਾਲ 2019-20 ਲਈ ਬਜਟ ਮੱਦ "ਅਤਿਰਿਕਤ ਅਮਲਾ" ਤਹਿਤ 12 ਲੱਖ ਰੁਪਏ ਦੀ ਐਨ.ਆਰ. ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

9. ਵਿੱਤੀ ਸਾਲ 2020-21 ਲਈ ਉਸਾਰੀ ਦੀਆਂ ਤਨਖਾਹਾਂ ਨਾਲ ਸਬੰਧਤ ਬਜਟ ਮੱਦਾਂ ਵਿਚ ਹੇਠ ਲਿਖੇ ਅਨੁਸਾਰ ਬਜਟ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ:-

| ਕ੍ਰਮਾਂਕ | ਕੰਮ ਦਾ ਨਾਂ | ਆਈਟਮ ਨੰ./ਬਜਟ ਪੰਨਾ | ਵਿੱਤੀ ਸਾਲ 2018-19 ਵਿਚ ਬਜਟ ਵਿਵਸਥਾ | ਬਜਟ ਵਿਵਸਥਾ 2019-20 | ਵਿੱਤੀ ਸਾਲ 2020-21 ਲਈ ਲੋੜੀਂਦੀ ਬਜਟ ਵਿਵਸਥਾ |
|---|---|---|---|---|---|
| 1. | ਕੈਂਪਸ ਦੇ ਰਿਹਾਇਸ਼ੀ ਮਕਾਨਾਂ ਦੀ ਸਾਂਭ-ਸੰਭਾਲ ਅਤੇ ਮੁਰੰਮਤ-ਤਨਖਾਹਾਂ ਲਈ | 132/4/ii | 31,50,000/- | 34,08,000/- | 38,58,000/- |
| 2. | ਕੈਂਪਸ ਦੇ ਸਾਰੇ ਹੋਸਟਲਾਂ ਦੀ ਸਾਂਭ-ਸੰਭਾਲ ਤੇ ਮੁਰੰਮਤ-ਤਨਖਾਹਾਂ ਲਈ | 132**/3/ii | 30,00,000/- | 30,00,000/- | 58,00,000/- |
| 3. | ਯੂਨੀਵਰਸਿਟੀ ਸਕੂਲ ਆਫ਼ ਬਿਜਨੈਸ ਸਟੱਡੀਜ਼, ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਦੀਆਂ ਬਿਲਡਿੰਗਾਂ ਦੀ ਦੇਖ-ਰੇਖ ਅਤੇ ਮੁਰੰਮਤ-ਤਨਖਾਹਾਂ ਲਈ | 133*/17/ii | 31,50,000/- | 31,50,000/- | 37,00,000/- |
| 4. | ਲਾਅਨ, ਨਰਸਰੀ ਅਤੇ ਲੈਂਡਸਕੇਪਿੰਗ ਦੇ ਵਿਕਾਸ ਅਤੇ ਦੇਖਭਾਲ ਲਈ-ਤਨਖਾਹਾਂ ਲਈ | 135/2/ii | 1,80,00,000/- | 1,86,82,000/- | 2,11,82,000/- |
| 5. | ਲਾਅਨ, ਨਰਸਰੀ ਅਤੇ ਲੈਂਡਸਕੇਪਿੰਗ ਦੇ ਵਿਕਾਸ ਅਤੇ ਦੇਖਭਾਲ ਲਈ ਤਲਵੰਡੀ ਸਾਬੋ-ਤਨਖਾਹਾਂ ਲਈ | 135/8/ii | 25,00,000/- | 39,69,000/- | 44,69,000/- |

10. ਯੂਨੀਵਰਸਿਟੀ ਦੇ ਨਿੱਤਾ-ਪ੍ਰਤੀ ਅਤੇ ਅਤਿ-ਜ਼ਰੂਰੀ ਖਰਚਿਆਂ ਦੀ ਪੂਰਤੀ ਲਈ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਂ ਤੇ ਸਟੇਟ ਬੈਂਕ ਆਫ਼ ਇੰਡੀਆ, ਐਸ.ਐਮ.ਈ. ਸ਼ਾਖਾ ਪਟਿਆਲਾ ਕੋਲੋਂ ਵਿੱਤੀ ਸਾਲ 2019-20 ਲਈ 80 ਕਰੋੜ ਰੁਪਏ ਦੀ ਓਵਰ-ਡਰਾਫਟ ਲਿਮਟ ਵਿਚ 40 ਕਰੋੜ ਰੁਪਏ ਦਾ ਵਾਧਾ ਕਰਦੇ ਹੋਏ 120 ਕਰੋੜ ਰੁਪਏ ਦੀ ਵਿਵਸਥਾ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਹੈ।

**14. ਕਾਨੂੰਨ ਵਿਭਾਗ ਦੇ ਵਿੱਤੀ ਸਾਲ 2020-21 ਦੇ ਬਜਟ ਵਿਚ ਨਵੀਂ ਮੱਦ "ਸਿਲੈਕਟਿਡ ਜਜਮੈਂਟ ਆਨ ਪ੍ਰੋਫੈਸ਼ਨਲ ਏਥਿਕਸ (ਵਾਲਿਯੂਮ 1 ਅਤੇ 2)" ਕਾਇਮ ਕਰਨ ਅਤੇ ਇਸ ਤਹਿਤ 25,000/- ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕਰਨ ਦੀ ਸਿੰਡੀਕੇਟ ਨੂੰ ਸਿਫਾਰਸ਼ ਕੀਤੀ ਗਈ।**

**ਪੈਰਾ-(XVI)**

ਚਲਦਾ .......

**15. ਸ. ਸੋਭਾ ਸਿੰਘ ਫਾਈਨ ਆਰਟਸ ਵਿਭਾਗ ਦੇ ਬਜਟ ਵਿਚ ਵਿੱਤੀ ਸਾਲ 2020-21 ਦੌਰਾਨ ਨਵੀਂ ਮੱਦ "ਗੈਸਟ ਫੈਕਲਟੀ" ਕਾਇਮ ਕਰਨ ਅਤੇ ਇਸ ਤਹਿਤ 5,00,000/- ਰੁਪਏ ਦੀ ਰੈਕਰਿੰਗ ਰਾਸ਼ੀ ਦੀ ਵਿਵਸਥਾ ਕਰਨ ਦੀ ਸਿੰਡੀਕੇਟ ਨੂੰ ਸਿਫਾਰਸ਼ ਕੀਤੀ ਗਈ।**

**ਪੈਰਾ-(XVII)**

**16. *ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਨ੍ਹਾਂ ਰਾਹੀਂ ਉਨ੍ਹਾਂ ਨੇ ਹੇਠ ਦਰਸਾਏ ਕੇਸਾਂ (ਕ੍ਰਮਾਂਕ 1-3) ਵਿਚ ਵਿੱਤ ਕਮੇਟੀ/ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ਵਿਚ ਪ੍ਰਵਾਨਗੀ ਦਿੱਤੀ ਹੈ:-***

1. ਥੀਏਟਰ ਅਤੇ ਟੈਲੀਵਿਜ਼ਨ ਵਿਭਾਗ ਦੀ ਬਜਟ ਮੱਦ "ਨਾਟਕਾਂ ਦੀ ਤਿਆਰੀ" ਤਹਿਤ ਵਿੱਤੀ ਸਾਲ 2019-20 ਦੌਰਾਨ 13,046/- ਰੁਪਏ ਦੀ ਐਨ.ਆਰ. ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।
2. ਵਿੱਤੀ ਸਾਲ 2019-20 ਦੌਰਾਨ ਬਜਟ ਮੱਦ "ਕਮੇਟੀ ਦੇ ਮੈਂਬਰਾਂ ਨੂੰ ਟੀ.ਏ. ਅਤੇ ਮਾਨ-ਅਰਥ ਅਤੇ ਇੰਟਰਵਿਊ ਆਦਿ ਲਈ ਸੱਦੇ ਜਾਣ ਵਾਲੇ ਉਮੀਦਵਾਰਾਂ ਨੂੰ ਟੀ.ਏ." (ਬਜਟ ਪੰਨਾ 140/37/08) ਤਹਿਤ 02 ਲੱਖ ਰੁਪਏ ਦੀ ਨਾਨ-ਰੈਕਰਿੰਗ ਵਿਵਸਥਾ ਕਰਨ ਦੀ ਪ੍ਰਵਾਨਗੀ ਦਿੱਤੀ ਹੈ।
3. ਪੰਜਾਬ ਸਰਕਾਰ, ਵਿੱਤ ਵਿਭਾਗ ਵਲੋਂ ਪ੍ਰਾਪਤ ਪੱਤਰ ਨੰ: 2/19/2016-2FPPC/203 ਮਿਤੀ 05.02.2020 ਜਿਸ ਰਾਹੀਂ Extension of benefits of 'Retirement Gratuity and Death Gratuity' to the Punjab Government employees covered by New Defined Contributory Pension Scheme (Known as NPS) ਨੂੰ ਯੂਨੀਵਰਸਿਟੀ ਵਿਖੇ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਹੈ।**(ਅੰਤਿਕਾ-4)**

ਸ਼੍ਰੀ ਰਾਹੁਲ ਭੰਡਾਰੀ ਜੀ, ਸਕੱਤਰ ਉਚੇਰੀ ਸਿੱਖਿਆ ਵਿਭਾਗ ਅਤੇ ਡਾ. ਇੰਦੂ ਮਲਹੋਤਰਾ ਜੀ, ਡੀ.ਪੀ.ਆਈ ਕਾਲਜਾਂ ਨੇ ਸਹਿਮਤੀ ਇਸ ਸ਼ਰਤ ਤੇ ਦਿੱਤੀ ਕਿ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਅਧੀਨ ਇਕ ਕਮੇਟੀ ਗਠਿਤ ਕਰਕੇ ਯੂਨੀਵਰਸਿਟੀ ਦੀ ਸਮੁੱਚੀ ਵਿੱਤੀ ਸਥਿਤੀ ਦਾ ਹਰ ਪੱਖ ਤੋਂ ਵਿਸ਼ਲੇਸ਼ਣ ਕੀਤਾ ਜਾਵੇ।

ਡਾ. ਵਰਿੰਦਰ ਕੌਸ਼ਿਕ ਜੀ, ਡੀਨ ਕਾਨੂੰਨ ਫੈਕਲਟੀ ਨੇ ਬਾਰ ਕਾਉਂਸਿਲ ਆਫ ਇੰਡੀਆ ਦੇ ਨਿਯਮਾਂ ਦਾ ਜ਼ਿਕਰ ਕਰਦਿਆਂ ਯੂਨੀਵਰਸਿਟੀ ਦੇ ਤਿੰਨੇ ਕਾਨੂੰਨ ਵਿਭਾਗਾਂ ਦੀਆਂ ਲਾਇਬ੍ਰੇਰੀਆਂ ਅਤੇ ਪੰਜਾਬ ਸਕੂਲ ਆਫ ਲਾਅ ਦੀ ਇਮਾਰਤ ਵਿਚ ਵਾਧੇ ਲਈ ਵਖਰੀ ਬਜਟ ਵਿਵਸਥਾ ਅਤੇ ਕਾਨੂੰਨ ਵਿਸ਼ੇ ਦੇ ਗੈਸਟ ਅਧਿਆਪਕਾਂ ਨੂੰ ਯੂ.ਜੀ.ਸੀ. ਦੇ ਨਿਯਮਾਂ ਅਨੁਸਾਰ ਅਦਾਇਗੀ ਕਰਨ ਦਾ ਸੁਝਾਅ ਦਿੱਤਾ ਹੈ।

(ਡਾ. ਮਨਜੀਤ ਸਿੰਘ ਨਿੱਜਰ)
ਰਜਿਸਟਰਾਰ /ਸਕੱਤਰ

**ਪ੍ਰਤੀ-ਹਸਤਾਖਰ**

**(ਡਾ. ਬੀ.ਐਸ. ਘੁੰਮਣ)**
**ਵਾਈਸ-ਚਾਂਸਲਰ / ਸਭਾਪਤੀ**